ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਐਤਵਾਰ, 28 ਜੁਲਾਈ 2024 (ਨਾਨਕਸ਼ਾਹੀ ਸੰਮਤ : ੫੫੬, ੧੩ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਪੰਜਾਬ 'ਚ ਪੁਲਸ ਦਾ ਵੱਡਾ ਐਕਸ਼ਨ, ਮਰਸਡੀਜ਼ 'ਤੇ ਆਏ ਗੈਂਗਸਟਰਾਂ ਦਾ ਕੀਤਾ ਐਨਕਾਊਂਟਰ



**ਬਟਾਲਾ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਬਟਾਲਾ ਵਿਚ ਪੁਲਸ ਅਤੇ ਗੈਂਗਸਟਰਾਂ ਵਿਚਾਲੇ ਮੁਕਾਬਲਾ ਹੋ ਗਿਆ। ਮਿਲੀ ਜਾਣਕਾਰੀ ਮੁਤਾਬਕ ਪੁਲਸ ਯੂ.ਪੀ. ਨੰਬਰ ਦੀ ਮਰਸਡੀਜ਼ ਕਾਰ ਵਿਚ ਸਵਾਰ ਗੈਂਗਸਟਰਾਂ ਦਾ ਪਿੱਛਾ ਕਰ ਰਹੀ ਸੀ। ਇਸ ਦੌਰਾਨ ਗੈਂਗਸਟਰਾਂ ਨੇ ਪੁਲਸ 'ਤੇ ਗੋਲ਼ੀਆਂ ਚਲਾ ਦਿੱਤੀਆਂ, ਇਸ ਦੀ ਜਵਾਬੀ ਕਾਰਵਾਈ ਵਿਚ ਪੁਲਸ ਨੇ ਗੋਲੀਬਾਰੀ ਕੀਤੀ, ਜਿਸ ਵਿਚ ਗੈਂਗਸਟਰ ਮਲਕੀਤ ਸਿੰਘ ਗੋਲ਼ੀ ਲੱਗਣ ਕਾਰਣ ਜ਼ਖਮੀ ਹੋ ਗਿਆ। ਜਿਸ ਨੂੰ ਬਾਅਦ ਪੁਲਸ ਵਿਚ ਨੇ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ। ਇਹ ਵੀ ਪਤਾ ਲੱਗਾ ਹੈ ਕਿ ਗੈਂਗਸਟਰ ਮਲਕੀਤ ਉਹੀ ਹੈ ਜਿਸ ਨੇ ਬੀਤੇ ਦਿਨੀਂ ਸ੍ਰੀ ਹਰਗੋਬਿੰਦਪੁਰ ਵਿਖੇ ਸੁਨਿਆਰੇ ਦੀ ਦੁਕਾਨ 'ਤੇ ਆਪਣੇ ਸ਼ੂਟਰਾਂ ਰਾਹੀਂ ਗੋਲ਼ੀਆਂ ਚਲਵਾਈਆਂ ਸਨ।

## ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੱਡਾ ਐਲਾਨ

# ਬਾਦਲ ਦੇ ਹੋਟਲ ਸੁੱਖ ਵਿਲਾਸ 'ਤੇ ਕਰਨ ਜਾ ਰਹੇ ਕਾਰਵਾਈ !

**ਚੰਡੀਗੜ੍ਹ, 27 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਸੁੱਖ ਵਿਲਾਸ ਨੂੰ ਲੈ ਕੇ ਵੱਡਾ ਐਲਾਨ ਕੀਤਾ ਹੈ। ਮੁੱਖ ਮੰਤਰੀ ਗਿੱਦੜਬਾਹਾ ਦੇ ਪਿੰਡ ਦੋਦਾ ਵਿੱਚ ਨਵੀਂ ਬਣਨ ਵਾਲੀ ਮਾਲਵਾ ਨਹਿਰ ਦਾ ਮੁਆਇਨਾ ਕਰਨ ਗਏ ਹੋਏ ਸਨ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਸਟੇਜ ਤੋਂ ਕਿਹਾ ਕਿ ਉਹ ਆਉਣ ਵਾਲੇ ਦਿਨਾਂ 'ਚ ਸੁੱਖ ਵਿਲਾਸ ਸਬੰਧੀ ਇੱਕ ਵੱਡਾ ਫੈਸਲਾ ਲੈਣ ਜਾ ਰਹੇ ਹਨ ਲੋਕਾਂ ਨੂੰ ਖੁਸ਼ਖਬਰੀ ਦੇਣ ਜਾ ਰਹੇ ਹਨ। ਸੀਐਮ ਮਾਨ ਨੇ ਕਿਹਾ ਕਿ ਬਾਦਲਾਂ ਨੇ ਪੰਜਾਬ 'ਤੇ 25 ਸਾਲ ਰਾਜ ਕੀਤਾ। ਇਹਨਾਂ ਨੂੰ ਹੁਣ ਲੋਕਾਂ ਤੋਂ ਡਰ ਕਿਉਂ ਲੱਗ ਰਿਹਾ ਹੈ। ਇਹਨਾਂ ਨੇ ਲੰਬੀ ਸਥਿਤ ਆਪਣੇ ਘਰ ਦੀਆਂ ਕੰਧਾਂ ਐਨੀਆਂ ਉੱਚੀਆਂ ਉੱਚੀਆਂ ਕਿਉਂ ਕਰ ਲਈਆਂ ਇਹਨਾਂ ਨੂੰ ਹੁਣ ਡਰ ਕਿਸ ਗੱਲ ਦਾ ਲੱਗ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਲੰਬੀ ਦੇ ਪਿੰਡ ਬਾਦਲ ਵਾਲੇ ਘਰ ਵਿੱਚ ਮਾਰਬਲ ਇਟਲੀ ਤੋਂ ਮੰਗਵਾ ਕੇ ਲਗਾਇਆ ਗਿਆ ਜੋ ਸਾਡੇ ਖ਼ੂਨ ਪਸੀਨੇ ਦੀ ਕਮਾਈ ਦਾ ਹੀ ਆਇਆ ਹੈ। ਸਾਡੇ ਪੈਸਿਆਂ ਨਾਲ ਹੀ ਇਸ ਨੂੰ ਬਣਾਇਆ ਗਿਆ ਹੈ। ਇਸ ਦੌਰਾਨ ਸੀਐਮ ਮਾਨ ਨੇ ਕਿਹਾ ਕਿ ਚੰਡੀਗੜ੍ਹ ਵਾਲਾ ਸੁਖਬੀਰ ਬਾਦਲ ਦਾ ਸੁੱਖ ਵਿਲਾਸ ਇਸ ਦੇ ਕਾਗਜ਼ ਮੈਂ ਕੱਢ ਲਏ ਹਨ। ਆਉਣ ਵਾਲੇ ਦਿਨਾਂ 'ਚ ਤੁਹਾਨੂੰ ਖੁਸ਼ ਖ਼ਬਰੀ ਦੇਣ ਜਾ ਰਿਹਾ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਵੀ ਸੀਐਮ ਭਗਵੰਤ ਮਾਨ ਨੇ ਦਾਅਵਾ ਕੀਤਾ ਸੀ ਕਿ ਸੁੱਖ ਵਿਲਾਸ ਹੋਟਲ 'ਚ ਇਕ ਰਾਤ ਦਾ ਕਿਰਾਇਆ 4 ਤੋਂ 5 ਲੱਖ ਵਿਚਕਾਰ ਹੈ ਅਤੇ ਹਰ ਕਮਰੇ ਪਿੱਛੇ ਪੂਲ ਹੈ। ਅਸਲ 'ਚ ਉਸ ਦਾ ਨਾਮ ਸੁੱਖ ਵਿਲਾਸ ਨਹੀਂ ਸਗੋਂ ਮੈਟਰੋ ਈਕੋ ਗਰੀਨ ਰਿਜ਼ੋਰਟ ਹੈ। ਇਸ ਦੇ ਨਾਂ 'ਤੇ ਪੱਲਣਪੁਰ ਪਿੰਡ ਮੋਹਾਲੀ ਜ਼ਿਲ੍ਹੇ 'ਚ ਹੈ। ਇਸ ਦੀ ਸ਼ੁਰੂਆਤ ਮੈਟਰੋ ਈਕੋ ਗਰੀਨ ਰਿਜ਼ੋਰਟ ਜਦੋਂ 1985-86 'ਚ ਬਾਦਲ ਪਰਿਵਾਰ ਨੇ ਪੱਲਣਪੁਰ ਪਿੰਡ 'ਚ 86 ਕਨਾਲ 16 ਮਰਲੇ ਜ਼ਮੀਨ ਖ਼ਰੀਦੀ। ਇਹ ਜੰਗਲਾਤ ਦਾ ਇਲਾਕਾ ਹੈ ਅਤੇ ਇੱਥੇ ਨਿਰਮਾਣ ਕਾਰਜ ਨਹੀਂ ਹੋ ਸਕਦੇ। ਇਸ ਤੋਂ ਬਾਅਦ ਬਾਦਲਾਂ ਨੇ ਈਕੋ ਟੂਰਿਜ਼ਮ ਪਾਲਿਸੀ ਲਿਆਂਦੀ ਅਤੇ ਉਸ ਦੇ ਅਧੀਨ ਸੋਧ ਕਰ ਲਈ ਕਿ ਇੱਥੇ ਹੋਟਲ ਬਣ ਸਕਦਾ ਹੈ। ਇਸ ਦੇ ਨਾਲ-ਨਾਲ ਕਾਫੀ ਹੋਰ ਸੋਧਾਂ ਵੀ ਆਪਣੇ ਫ਼ਾਇਦੇ ਲਈ ਕਰ ਲਈਆਂ। ਇੱਥੇ ਪਹਿਲਾਂ ਬਾਦਲ ਪਰਿਵਾਰ ਦਾ ਪੋਲਟਰੀ ਫਾਰਮ ਸੀ, ਜਿਸ ਨੂੰ ਬਦਲ ਕੇ ਹੋਟਲ ਬਣਾ ਦਿੱਤਾ ਗਿਆ।



## 'ਬਾਦਲਾਂ ਦੇ ਹਿੱਕ ਉੱਤੇ ਨਵੀਂ 'ਮਾਲਵਾ ਨਹਿਰ' ਦੀ ਉਸਾਰੀ', ਭਗਵੰਤ ਮਾਨ ਨੇ ਜਮ ਕੇ ਕੋਸਿਆ ਬਾਦਲ ਪਰਿਵਾਰ

**ਚੰਡੀਗੜ੍ਹ, 27 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਹੋ ਰਹੀ ਮਾਲਵਾ ਨਹਿਰ ਦੀ ਉਸਾਰੀ ਵਾਲੀ ਜਗ੍ਹਾ 'ਤੇ ਪਹੁੰਚੇ ਮੁੱਖ ਮੰਤਰੀ ਭਗਵੰਤ ਮਾਨ ਨੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਪਿੰਡ ਦੋਦਾ ਵਿਖੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹ ਮਾਲਵਾ ਨਹਿਰ ਬਾਦਲਾਂ ਦੀ ਹਿੱਕ 'ਤੇ ਬਣੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ, ਜਿਨ੍ਹਾਂ ਦੇ ਖੇਤਾਂ 'ਚ ਜਾ ਕੇ ਨਹਿਰਾਂ ਖ਼ਤਮ ਹੋ ਜਾਂਦੀਆਂ ਸੀ ਅੱਜ ਉਹਨਾਂ ਬਾਦਲਾਂ ਦੀ ਹਿੱਕ 'ਤੇ ਨਵੀਂ 'ਮਾਲਵਾ ਨਹਿਰ' ਦੀ ਉਸਾਰੀ ਕਰਨ ਜਾ ਰਹੇ ਹਾਂ... 2300 ਕਰੋੜ ਦੀ ਲਾਗਤ ਨਾਲ ਬਣਨ ਜਾ ਰਹੀ 149 ਕਿਲੋਮੀਟਰ ਲੰਬੀ ਇਸ ਨਹਿਰ ਰਾਹੀਂ 2 ਲੱਖ ਏਕੜ ਜਮੀਨ ਨੂੰ ਨਹਿਰੀ ਪਾਣੀ ਪਹੁੰਚਾ ਕੇ ਧਰਤੀ ਹੇਠਲਾ ਪਾਣੀ ਬਚਾਇਆ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ, ਪੰਥ ਦਾ ਨਾਮ ਵਰਤ ਕੇ ਵੋਟਾਂ ਮੰਗਣ ਵਾਲਿਆਂ ਨੇ ਆਪਣਿਆਂ ਤੋਂ ਇਲਾਵਾ ਹੋਰ ਕਿਸੇ ਬਾਰੇ ਨਹੀਂ ਸੋਚਿਆ... ਦਿਲ ਨੂੰ ਦੁੱਖ ਇਸ ਗੱਲ ਦਾ ਹੈ ਕਿ ਜੋ ਕੰਮ ਪਹਿਲਾਂ ਹੋ ਸਕਦਾ ਸੀ ਉਹ ਅੱਜ ਸਾਨੂੰ ਕਰਨਾ ਪੈ ਰਿਹਾ... ਆਜ਼ਾਦੀ ਤੋਂ ਬਾਅਦ ਪਹਿਲੀ ਨਹਿਰ ਬਣਨ ਜਾ ਰਹੀ ਹੈ... ਜਿਸ ਦਾ ਨਾਮ ਪੰਜਾਬ ਦੇ ਇਤਿਹਾਸ 'ਚ ਸੁਨਹਿਰੀ ਅੱਖਰਾਂ 'ਚ ਲਿਖਿਆ ਜਾਵੇਗਾ... ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੰਸਦ 'ਚ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਦੀਆਂ ਨਹਿਰਾਂ ਦਾ ਮੁੱਦਾ ਚੁੱਕਿਆ ਜਿਸ ਦੀ ਉਨ੍ਹਾਂ ਨੂੰ ਖੁਸ਼ੀ ਹੋਈ ਹੈ। ਮੈਂ ਸੰਗਰੂਰ ਤੋਂ ਆ ਕੇ ਨਹਿਰ ਬਣਾਉਣ ਦੀ ਪਹਿਲ ਕਰ ਰਿਹਾ ਹਾਂ ਪਰ ਇਥੇ ਰਹਿੰਦੇ ਬਾਦਲ ਕਦੇ ਵੀ ਲੋਕਾਂ ਨੂੰ ਨਹਿਰ ਦੀ ਸਹੂਲਤ ਨਹੀਂ ਦਿਵਾ ਸਕੇ। ਸੀਐੱਮ ਭਗਵੰਤ ਮਾਨ ਨੇ ਦਾਅਵਾ ਕੀਤਾ ਕਿ ਦੇਸ਼ ਦੀ ਆਜ਼ਾਦੀ 1947 ਤੋਂ ਬਾਅਦ ਪੰਜਾਬ ਵਿੱਚ ਇਹ ਪਹਿਲੀ ਨਹਿਰ ਬਣਨ ਜਾ ਰਹੀ ਹੈ।



## ਵਿਦੇਸ਼ਾਂ 'ਚ ਪੜ੍ਹਾਈ ਦਾ ਸੁਪਨਾ ਜਾਨਲੇਵਾ ਸਾਬਿਤ, ਪਿਛਲੇ 5 ਸਾਲਾਂ 'ਚ ਹੋਈਆਂ ਵਿਦਿਆਰਥੀਆਂ ਦੀਆਂ ਮੌਤਾਂ ਨੇ ਸਭ ਨੂੰ ਡਰਾਇਆ, ਨਵੇਂ ਅੰਕੜੇ ਜਾਰੀ

**ਨਵੀਂ ਦਿੱਲੀ, 27 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਵਿਦਿਆਰਥੀਆਂ ਦਾ ਵਿਦੇਸ਼ ਵਿੱਚ ਪੜ੍ਹਾਈ ਕਰਨ ਦਾ ਸੁਪਨਾ ਘਾਤਕ ਸਾਬਤ ਹੋ ਰਿਹਾ ਹੈ। ਹਰ ਸਾਲ ਹਜ਼ਾਰਾਂ ਭਾਰਤੀ ਵਿਦਿਆਰਥੀ ਵੱਖ-ਵੱਖ ਦੇਸ਼ਾਂ ਵਿੱਚ ਪੜ੍ਹਨ ਲਈ ਦੇਸ਼ ਛੱਡ ਕੇ ਜਾਂਦੇ ਹਨ। ਪਰ, ਉਹਨਾਂ ਦੀ ਮੌਤ ਦੀਆਂ ਘਟਨਾਵਾਂ ਨੂੰ ਲੈ ਕੇ ਸੁਰੱਖਿਆ ਨੂੰ ਲੈ ਕੇ ਸਵਾਲ ਉਠਾਏ ਜਾ ਰਹੇ ਹਨ। ਇਸ ਦੌਰਾਨ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਸ਼ੁੱਕਰਵਾਰ (26 ਜੁਲਾਈ) ਨੂੰ ਲੋਕ ਸਭਾ ਵਿੱਚ ਦੱਸਿਆ ਕਿ ਪਿਛਲੇ 5 ਸਾਲਾਂ ਵਿੱਚ ਵੱਖ-ਵੱਖ ਕਾਰਨਾਂ ਕਰਕੇ ਵਿਦੇਸ਼ਾਂ ਵਿੱਚ ਕੁਦਰਤੀ ਕਾਰਨਾਂ ਸਮੇਤ ਭਾਰਤੀ ਵਿਦਿਆਰਥੀਆਂ ਦੀ ਮੌਤ ਦੀਆਂ 633 ਘਟਨਾਵਾਂ ਵਾਪਰੀਆਂ ਹਨ। ਸੰਸਦ ਵਿੱਚ ਮਾਨਸੂਨ ਸੈਸ਼ਨ ਦੌਰਾਨ ਇੱਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ 172 ਕੇਸਾਂ ਨਾਲ ਕੈਨੇਡਾ ਨੂੰ ਪਹਿਲੇ ਸਥਾਨ 'ਤੇ ਰੱਖਿਆ। ਕੀਰਤੀ ਵਰਧਨ ਸਿੰਘ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਹਮਲਿਆਂ ਕਾਰਨ ਕੁੱਲ 19 ਭਾਰਤੀ ਵਿਦਿਆਰਥੀਆਂ ਦੀ ਮੌਤ ਹੋਈ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ 9 ਮੌਤਾਂ ਕੈਨੇਡਾ ਅਤੇ 6 ਅਮਰੀਕਾ ਵਿੱਚ ਹੋਈਆਂ। ਅੰਕੜਿਆਂ ਅਨੁਸਾਰ 633 ਮੌਤਾਂ ਵਿੱਚੋਂ 108 ਅਮਰੀਕਾ ਵਿੱਚ, 58 ਬਰਤਾਨੀਆ ਵਿੱਚ, 57 ਆਸਟ੍ਰੇਲੀਆ ਵਿੱਚ ਅਤੇ 37 ਰੂਸ ਵਿੱਚ ਹੋਈਆਂ। ਜਦੋਂ ਕਿ ਯੂਕਰੇਨ ਵਿੱਚ 18, ਜਰਮਨੀ ਵਿੱਚ 24, ਜਾਰਜੀਆ, ਕਿਰਗਿਸਤਾਨ ਅਤੇ ਸਾਈਪ੍ਰਸ ਵਿੱਚ 12-12 ਘਟਨਾਵਾਂ ਹੋਈਆਂ। ਨਾਲ ਹੀ, ਗੁਆਂਢੀ ਦੇਸ਼ ਚੀਨ ਵਿੱਚ ਵੀ ਅਜਿਹੇ 8 ਮਾਮਲੇ ਸਾਹਮਣੇ ਆਏ ਹਨ। ਮੰਤਰੀ ਕੀਰਤੀ ਵਰਧਨ ਸਿੰਘ ਨੇ ਸ਼ੁੱਕਰਵਾਰ (26 ਜੁਲਾਈ) ਨੂੰ ਇਕ ਸਵਾਲ ਦੇ ਲਿਖਤੀ ਜਵਾਬ 'ਚ ਕਿਹਾ ਕਿ ਮੰਤਰਾਲੇ ਕੋਲ ਮੌਜੂਦ ਜਾਣਕਾਰੀ ਅਨੁਸਾਰ ਪਿਛਲੇ 5 ਸਾਲਾਂ 'ਚ ਲੋਕ ਵੱਖ-ਵੱਖ ਕਾਰਨਾਂ ਕਰਕੇ ਵਿਦੇਸ਼ਾਂ 'ਚ ਆਏ ਹਨ। ਕੁਦਰਤੀ ਕਾਰਨਾਂ, ਦੁਰਘਟਨਾਵਾਂ ਅਤੇ ਮੈਡੀਕਲ ਐਮਰਜੈਂਸੀ ਵਾਂਗ ਵਿਦੇਸ਼ਾਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਮੌਤ ਦੀਆਂ 633 ਘਟਨਾਵਾਂ ਹੋਈਆਂ ਹਨ।

## ਤਿੰਨ ਮੰਜ਼ਿਲਾ ਇਮਾਰਤ ਡਿੱਗੀ, ਕਈ ਲੋਕਾਂ ਦੇ ਫਸੇ ਹੋਣ ਦਾ ਖਦਸ਼ਾ, ਬਚਾਅ ਕਾਰਜ ਜਾਰੀ

**ਮੁੰਬਈ, 27 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਮਹਾਰਾਸ਼ਟਰ ਦੇ ਨਵੀਂ ਮੁੰਬਈ ਵਿੱਚ ਤਿੰਨ ਮੰਜ਼ਿਲਾ ਇਮਾਰਤ 'ਇੰਦਰਾ ਨਿਵਾਸ' ਢਹਿ ਗਈ। ਇਮਾਰਤ ਦੇ ਮਲਬੇ ਹੇਠ ਕਈ ਲੋਕਾਂ ਦੇ ਦੱਬੇ ਹੋਣ ਦਾ ਖਦਸ਼ਾ ਹੈ। ਸ਼ਾਹਬਾਜ਼ ਪਿੰਡ 'ਚ ਵਾਪਰੇ ਇਸ ਹਾਦਸੇ ਦੀ ਸੂਚਨਾ ਮਿਲਦਿਆਂ ਹੀ NDRF, ਮੁੰਬਈ ਪੁਲਿਸ, ਫਾਇਰ ਵਿਭਾਗ ਅਤੇ ਨਗਰ ਪਾਲਿਕਾ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਜ਼ਿਕਰਯੋਗ ਹੈ ਕਿ ਮੁੰਬਈ ਨਾਲ ਲੱਗਦੇ ਨਵੀਂ ਮੁੰਬਈ ਦੇ ਸ਼ਾਹਬਾਜ਼ ਪਿੰਡ 'ਚ ਸਥਿਤ ਤਿੰਨ ਮੰਜ਼ਿਲਾ ਇਮਾਰਤ ਡਿੱਗ ਗਈ ਸੀ। ਸ਼ਾਹਬਾਜ਼ ਪਿੰਡ ਨਵੀਂ ਮੁੰਬਈ ਦੇ ਸੀਬੀਡੀ ਬੇਲਾਪੁਰ ਖੇਤਰ ਵਿੱਚ ਹੈ। ਇਮਾਰਤ ਦਾ ਨਾਂ 'ਇੰਦਰਾ ਨਿਵਾਸ' ਦੱਸਿਆ ਜਾਂਦਾ ਹੈ। ਇਹ ਇਮਾਰਤ ਜ਼ਮੀਨ ਪਲੱਸ 3 ਮੰਜ਼ਿਲਾ ਸੀ। ਫਾਇਰ ਬ੍ਰਿਗੇਡ ਟੀਮ ਨੇ ਦੱਸਿਆ ਕਿ ਇਹ ਘਟਨਾ ਅੱਜ (ਸ਼ਨੀਵਾਰ, 27 ਜੁਲਾਈ) ਸਵੇਰੇ 4:35 ਵਜੇ ਵਾਪਰੀ। ਇਸ ਹਾਦਸੇ 'ਚ ਦੋ ਲੋਕਾਂ ਦੇ ਦੱਬੇ ਹੋਣ ਦਾ ਸ਼ੱਕ ਹੈ।

## ਕੁਪਵਾੜਾ 'ਚ ਮੁੜ ਅੱਤਵਾਦੀ ਹਮਲਾ, ਇੱਕ ਮਹੀਨੇ 'ਚ ਇਹ ਚੌਥੀ ਘਟਨਾ



**ਸ੍ਰੀਨਗਰ, 27 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਉੱਤਰੀ ਕਸ਼ਮੀਰ ਦੇ ਕੁਪਵਾੜਾ ਜ਼ਿਲੇ ਦੇ ਤ੍ਰੇਹਗਾਮ ਸੈਕਟਰ 'ਚ ਅੱਤਵਾਦੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਹੋਏ ਮੁਕਾਬਲੇ 'ਚ ਇਕ ਅੱਤਵਾਦੀ ਮਾਰਿਆ ਗਿਆ ਹੈ। ਜਦਕਿ ਤਿੰਨ ਫੌਜੀ ਜ਼ਖਮੀ ਹੋਏ ਹਨ। ਮੁੱਠਭੇੜ ਅਜੇ ਵੀ ਜਾਰੀ ਹੈ ਅਤੇ ਦੋਵਾਂ ਪਾਸਿਆਂ ਤੋਂ ਗੋਲੀਬਾਰੀ ਜਾਰੀ ਹੈ। ਸੂਤਰਾਂ ਮੁਤਾਬਕ ਗੋਲੀ ਲੱਗਣ ਕਾਰਨ ਫੌਜ ਦੇ ਤਿੰਨ ਜਵਾਨ ਜ਼ਖਮੀ ਹੋ ਗਏ। ਮੌਕੇ 'ਤੇ ਵਾਧੂ ਫੌਜੀ ਬਲ ਤਾਇਨਾਤ ਕੀਤੇ ਗਏ ਹਨ। ਪੁਲਿਸ ਅਤੇ ਸੁਰੱਖਿਆ ਬਲਾਂ ਦੀ ਸਾਂਝੀ ਟੀਮ ਨੂੰ ਇਲਾਕੇ 'ਚ ਅੱਤਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਮਿਲੀ ਸੀ। ਇਸ ਤੋਂ ਬਾਅਦ ਸਾਂਝੀ ਟੀਮ ਨੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਜਦੋਂ ਅੱਤਵਾਦੀਆਂ ਨੇ ਆਪਣੇ ਆਪ ਨੂੰ ਸੁਰੱਖਿਆ ਬਲਾਂ ਨਾਲ ਘਿਰਿਆ ਦੇਖਿਆ ਤਾਂ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਸੁਰੱਖਿਆ ਬਲਾਂ ਨੇ ਵੀ ਚਾਰਜ ਸੰਭਾਲ ਲਿਆ ਅਤੇ ਜਵਾਬੀ ਕਾਰਵਾਈ ਸ਼ੁਰੂ ਕਰ ਦਿੱਤੀ। ਹਾਲ ਹੀ ਦੇ ਦਿਨਾਂ 'ਚ ਜੰਮੂ-ਕਸ਼ਮੀਰ 'ਚ ਅੱਤਵਾਦੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਕਈ ਮੁਕਾਬਲੇ ਹੋਏ ਹਨ, ਜਿਨ੍ਹਾਂ 'ਚ ਕਈ ਅੱਤਵਾਦੀ ਮਾਰੇ ਗਏ ਹਨ। ਇਨ੍ਹੀਂ ਦਿਨੀਂ ਕਸ਼ਮੀਰ 'ਚ ਫੌਜ, ਪੁਲਿਸ ਅਤੇ ਵੱਖ-ਵੱਖ ਸੁਰੱਖਿਆ ਬਲਾਂ ਵਲੋਂ ਅੱਤਵਾਦੀਆਂ ਖਿਲਾਫ ਸੰਯੁਕਤ ਅਭਿਆਨ ਚਲਾਇਆ ਜਾ ਰਿਹਾ ਹੈ। ਅੱਤਵਾਦੀ ਸੰਘਣੇ ਜੰਗਲਾਂ 'ਚ ਲੁਕ ਕੇ ਹਮਲਾ ਕਰ ਰਹੇ ਹਨ, ਜਦਕਿ ਸੁਰੱਖਿਆ ਬਲ ਉਨ੍ਹਾਂ ਨੂੰ ਮੂੰਹਤੋੜ ਜਵਾਬ ਦੇ ਰਹੇ ਹਨ। ਹਾਲ ਹੀ 'ਚ ਬੁੱਧਵਾਰ 24 ਜੁਲਾਈ ਨੂੰ ਜੰਮੂ-ਕਸ਼ਮੀਰ ਦੇ ਕੁਪਵਾੜਾ ਜ਼ਿਲੇ 'ਚ ਅੱਤਵਾਦੀਆਂ ਨਾਲ ਹੋਏ ਮੁਕਾਬਲੇ 'ਚ ਜ਼ਖਮੀ ਹੋਏ ਇਕ ਜਵਾਨ ਦੀ ਹਸਪਤਾਲ 'ਚ ਮੌਤ ਹੋ ਗਈ। ਜਵਾਨ ਦੀ ਪਛਾਣ 28 ਰਾਸ਼ਟਰੀ ਰਾਈਫਲਜ਼ ਦੇ ਦਿਲਾਵਰ ਸਿੰਘ ਵਜੋਂ ਹੋਈ । ਦਿਲਾਵਰ ਸਿੰਘ ਜ਼ਿਲ੍ਹੇ ਦੇ ਕੋਵਤ ਟਰਮਖਾਨ ਜੰਗਲਾਂ ਵਿੱਚ ਅੱਤਵਾਦੀਆਂ ਨਾਲ ਮੁਕਾਬਲੇ ਵਿੱਚ ਜ਼ਖ਼ਮੀ ਹੋ ਗਿਆ ਸੀ। ਇਸ ਤੋਂ ਬਾਅਦ ਉਸ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਹਾਲਾਂਕਿ ਸੁਰੱਖਿਆ ਬਲਾਂ ਨੇ ਮੁਕਾਬਲੇ 'ਚ ਇਕ ਅੱਤਵਾਦੀ ਨੂੰ ਮਾਰ ਦਿੱਤਾ।

## ਪਾਕਿਸਤਾਨ ਦਾ ਕਰਾਚੀ ਦੁਨੀਆ ਦਾ ਦੂਜਾ ਸਭ ਤੋਂ ਖ਼ਤਰਨਾਕ ਸ਼ਹਿਰ

**ਇਸਲਾਮਾਬਾਦ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਫੋਰਬਸ ਐਡਵਾਈਜ਼ਰ ਸੂਚੀ ਦੀ ਰਿਪੋਰਟ ਨੇ ਇੱਕ ਵਾਰ ਫਿਰ ਪਾਕਿਸਤਾਨ ਦਾ ਤਣਾਅ ਵਧਾ ਦਿੱਤਾ ਹੈ। ਰਿਪੋਰਟ ਮੁਤਾਬਕ ਕਰਾਚੀ ਦੁਨੀਆ ਦਾ ਦੂਜਾ ਸਭ ਤੋਂ ਖਤਰਨਾਕ ਸ਼ਹਿਰ ਹੈ। ਕਰਾਚੀ ਨੂੰ 100 ਵਿੱਚੋਂ 93.12 ਦੀ ਰੇਟਿੰਗ ਦੇ ਨਾਲ ਸੈਲਾਨੀਆਂ ਲਈ ਦੁਨੀਆ ਦਾ ਦੂਜਾ ਸਭ ਤੋਂ ਖਤਰਨਾਕ ਸ਼ਹਿਰ ਮੰਨਿਆ ਗਿਆ ਹੈ। ਮਤਲਬ ਕਿ ਕਰਾਚੀ ਵਿੱਚ ਅਪਰਾਧ, ਹਿੰਸਾ, ਅੱਤਵਾਦੀ ਖਤਰੇ, ਕੁਦਰਤੀ ਆਫ਼ਤਾਂ ਦਾ ਡਰ ਬਹੁਤ ਜ਼ਿਆਦਾ ਹੈ। ਤੁਹਾਨੂੰ ਦੱਸ ਦੇਈਏ ਕਿ ਮਹਿੰਗਾਈ ਅਤੇ ਵਿੱਤੀ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਵਿੱਚ ਲੁੱਟ-ਖੋਹ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਆਮ ਹਨ। ਕਈ ਰਿਪੋਰਟਾਂ ਸਾਹਮਣੇ ਆਈਆਂ ਹਨ ਜਿਸ ਵਿੱਚ ਕਿਹਾ ਗਿਆ ਹੈ ਕਿ ਕਰਾਚੀ ਰਹਿਣ ਦੇ ਲਾਇਕ ਸ਼ਹਿਰ ਨਹੀਂ ਹੈ। ਇਸ ਦੇ ਨਾਲ ਹੀ ਸੂਚੀ 'ਚ ਵੈਨੇਜ਼ੁਏਲਾ ਦੇ ਕਾਰਾਕਸ ਨੂੰ ਦੁਨੀਆ ਦਾ ਸਭ ਤੋਂ ਖਤਰਨਾਕ ਸ਼ਹਿਰ ਮੰਨਿਆ ਗਿਆ ਹੈ। ਏਆਰਵਾਈ ਨਿਊਜ਼ ਦੀ ਰਿਪੋਰਟ ਹੈ ਕਿ ਵੀਰਵਾਰ ਨੂੰ ਪਾਕਿਸਤਾਨ ਦੇ ਕਰਾਚੀ ਦੇ ਡਿਫੈਂਸ ਖੇਤਰ ਵਿੱਚ ਦੋ ਸਮੂਹਾਂ ਵੱਲੋਂ ਇੱਕ ਦੂਜੇ 'ਤੇ ਗੋਲੀਬਾਰੀ ਕਰਨ ਤੋਂ ਬਾਅਦ ਪੰਜ ਲੋਕਾਂ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਸੂਚੀ 'ਚ ਵੈਨੇਜ਼ੁਏਲਾ ਦੇ ਕਾਰਾਕਸ ਨੂੰ ਦੁਨੀਆ ਦਾ ਸਭ ਤੋਂ ਖਤਰਨਾਕ ਸ਼ਹਿਰ ਮੰਨਿਆ ਗਿਆ ਹੈ। ਇਸ ਨੂੰ 100 ਵਿੱਚੋਂ 100 ਅੰਕ ਦਿੱਤੇ ਗਏ ਹਨ। ਯਾਂਗੂਨ ਮਿਆਂਮਾਰ ਦਾ ਤੀਜਾ ਸਭ ਤੋਂ ਖਤਰਨਾਕ ਸ਼ਹਿਰ ਹੈ। ਰਿਪੋਰਟ 'ਚ ਦੁਨੀਆ ਦੇ ਸਭ ਤੋਂ ਸੁਰੱਖਿਅਤ ਸ਼ਹਿਰ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਸਿੰਗਾਪੁਰ ਦੁਨੀਆ ਦੇ ਸਭ ਤੋਂ ਸੁਰੱਖਿਅਤ ਸ਼ਹਿਰਾਂ ਵਿੱਚੋਂ ਇੱਕ ਹੈ। ਸਿੰਗਾਪੁਰ ਨੂੰ 100 ਵਿੱਚੋਂ ਜ਼ੀਰੋ ਅੰਕ ਮਿਲੇ ਹਨ। ਇਸ ਨੂੰ ਇਸਦੀ ਸੁਰੱਖਿਆ, ਘੱਟ ਤੋਂ ਘੱਟ ਕੁਦਰਤੀ ਆਫ਼ਤ ਦੇ ਜੋਖਮਾਂ ਅਤੇ ਸ਼ਾਨਦਾਰ ਸਿਹਤ ਦੇਖਭਾਲ ਅਤੇ ਬੁਨਿਆਦੀ ਢਾਂਚੇ ਦੇ ਕਾਰਨ ਦਰਜਾਬੰਦੀ ਪ੍ਰਾਪਤ ਹੋਈ ਹੈ। ਜਾਪਾਨ ਦਾ ਟੋਕੀਓ ਸ਼ਹਿਰ ਦੁਨੀਆ ਦਾ ਦੂਜਾ ਸਭ ਤੋਂ ਸੁਰੱਖਿਅਤ ਸ਼ਹਿਰ ਹੈ। ਜਦੋਂ ਕਿ ਕੈਨੇਡਾ ਦਾ ਟੋਰਾਂਟੋ ਸ਼ਹਿਰ ਤੀਜਾ ਸਭ ਤੋਂ ਸੁਰੱਖਿਅਤ ਸ਼ਹਿਰ ਹੈ।




Nankana Sahib Yatra Committe Uk
pakistan gurdwara yatra
6th november to 16th november 2024
yatra includes 25+ gurudwara sahib
darshan .Accommodation in hotels
and travel within pakistan and yatra
start to finish point in AC coaches
ਪਾਕਿਸਤਾਨ
ਵਿਖੇ ਸ੍ਰੀ ਨਨਕਾਣਾ
ਸਾਹਿਬ ਤੋਂ ਇਲਾਵਾ 25 ਹੋਰ
ਗੁਰਦੁਆਰਾ ਸਾਹਿਬਾਨ ਦੇ ਦਰਸ਼ਨ
£1095
Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.
Note: It does not include flight ticket and insurance, it has to be done by the passenger himself.
ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।
ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।
*-- ਗੁਰੂ ਪੰਥ ਦੇ ਸੇਵਾਦਾਰ --*
ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK
• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
• ਭਾਈ ਬਲਜੀਤ ਸਿਘ ਕੰਗ/Bhai Baljit Singh Kang
+44 7780 605230
• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net
Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਖਤੀਐ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛੱਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke
Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and
Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243



ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 HOURS SERVICE EVERYDAY
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra
VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


# ਸੁਖਬੀਰ ਬਾਦਲ ਬਾਰੇ ਫ਼ੈਸਲੇ ਲੈਣ ਸਮੇਂ ਪੰਜ ਸਿੰਘ ਸਾਹਿਬਾਨ ਸੰਸਾਰ ਭਰਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਮੱਦੇਨਜ਼ਰ ਰੱਖਣ : ਚੇਅਰਮੈਨ ਭੋਮਾ

## ਰਾਮ ਰਹੀਮ ਦਾ ਮੁਆਫੀਨਾਮਾ ਤੇ ਸੁਖਬੀਰ ਬਾਦਲ ਦਾ ਸਪੱਸ਼ਟੀਕਰਨ ਜਨਤਕ ਕੀਤਾ ਜਾਵੇ





ਨਵੀਂ ਦਿੱਲੀ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)-ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਪ੍ਰੈਸ ਬਿਆਨ ਰਾਹੀਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਿਮਰਤਾ ਭਰੀ ਬੇਨਤੀ ਕਰਦਿਆਂ ਕਿਹਾ ਕਿ ਸ ਸੁਖਬੀਰ ਸਿੰਘ ਬਾਦਲ ਦੇ ਕੇਸ ਬਾਰੇ ਫ਼ੈਸਲਾ ਲੈਣ ਸਮੇਂ ਕਾਹਲੀ ਨਾ ਵਰਤਣ ਕਿਉਂਕਿ ਉਸ ਵਿਰੁੱਧ ਅਕਾਲ ਤਖ਼ਤ ਸਾਹਿਬ ਤੇ ਇੱਕ ਨਹੀਂ ਅਨੇਕਾਂ ਗੰਭੀਰ ਦੋਸ਼ਾਂ ਦੀਆਂ ਸਿਕਾਇਤਾਂ ਅਕਾਲ ਤਖ਼ਤ ਸਾਹਿਬ ਤੇ ਮੌਜੂਦ ਹਨ । ਉਸਨੂੰ ਇੱਕ ਕੇਸ ਵਿੱਚੋਂ ਬਰੀ ਕਰਨ ਜਾਂ ਦੋਸ਼ੀ ਠਹਿਰਾਉਣ ਨਾਲ ਬਾਕੀ ਕੇਸਾਂ ਵਿੱਚੋਂ ਸ ਸੁਖਬੀਰ ਸਿੰਘ ਬਾਦਲ ਨੂੰ ਬਰੀ ਨਹੀਂ ਕੀਤਾ ਜਾ ਸਕਦਾ । ਜਿਵੇਂ ਮੋਟੇ ਤੌਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਐਕਟਿੰਗ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਕਾਂਡ ਦੀ ਜਾਂਚ ਤੇ ਨਕੋਦਰ ਕਾਂਡ ਦੀ ਜਾਂਚ ਆਪਣੇ ਗੋਡੇ ਥੱਲੇ ਦਬਾਅ ਕੇ ਵੱਡੇ ਪੁਲਿਸ ਅਫਸਰਾਂ ਨੂੰ ਤਰੱਕੀਆਂ ਦੇਣੀਆਂ ਤੇ ਸਜ਼ਾ ਤੋਂ ਬਚਾਉਣਾ । ਉਹਨਾਂ ਸ ਸੁਖਬੀਰ ਬਾਦਲ ਦੇ ਫੈਸਲੇ ਵਾਲੇ ਦਿਨ ਸਾਰੇ ਪੰਥ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ਼ਾਂਤਮਈ ਢੰਗ ਨਾਲ ਇਕੱਤਰ ਹੋ ਕੇ ਫ਼ੈਸਲੇ ਦੀ ਪਹਿਰੇਦਾਰੀ ਕਰਨੀ ਚਾਹੀਦੀ ਹੈ ਤਾਂ ਜੋ ਸਿੰਘ ਸਾਹਿਬਾਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਪੈ ਰਹੇ ਬਾਦਲਾਂ ਦੇ ਬਾਹਰੀ ਦਬਾਓ ਤੋਂ ਮੁਕਤ ਰੱਖਿਆਂ ਜਾ ਸਕੇ । ਉਹਨਾਂ ਸੁਚੇਤ ਕਰਦਿਆਂ ਕਿਹਾ ਕਿ ਕਿਤੇ ਇਸ ਤਰ੍ਹਾਂ ਨਾ ਹੋ ਜਾਵੇ ਕਿ ਜਿਵੇਂ ਅਕਾਲ ਤਖਤ ਨੇ ਰਾਮ ਰਹੀਮ ਨੂੰ ਕਿਸੇ ਮਾਫ਼ ਕਰਤਾ ਪਰ ਸੀ ਬੀ ਆਈ ਦੀ ਅਦਾਲਤ ਨੇ ਸੈਕਸ ਸ਼ੋਸ਼ਣ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਸੁਣਾ ਦੇਂਦੀ ਹੈ। ਫ਼ਿਰ ਅਕਾਲ ਤਖ਼ਤ ਸਾਹਿਬ ਦਾ ਦ ਜਥੇਦਾਰ ਦੂਸਰੇ ਬਲਾਤਕਾਰੀ ਧਨਵੰਤ ਸਿੰਘ ਨੂੰ ਮਾਫ਼ ਕਰਦਾ ਹੈ ਪਰ ਦੁਨਿਆਵੀ ਅਦਾਲਤ ਉਸਨੂੰ ਸਜ਼ਾ ਸੁਣਾ ਦੇਂਦੀ ਹੈ ਇਸੇ ਤਰ੍ਹਾਂ ਸ ਸੁਖਬੀਰ ਸਿੰਘ ਬਾਦਲ ਦੇ ਕੇਸ ਵਿੱਚ ਉਹ ਇਤਿਹਾਸ ਮੁੜ ਨਾ ਕਿਤੇ ਦੁਹਰਾ ਦਿੱਤਾ ਜਾਵੇ ਕਿ ਅਕਾਲ ਤਖ਼ਤ ਉਸਨੂੰ ਮਾਫ਼ ਕਰ ਦੇਵੇ ਤੇ ਦੁਨਿਆਵੀ ਅਦਾਲਤ ਉਸਨੂੰ ਸਜ਼ਾ ਸੁਣਾ ਦੇਵੇ ਕਿਉਂਕਿ ਉਸਤੇ ਇਸੇ ਕੇਸ ਵਿੱਚ ਦੁਨਿਆਵੀ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ ਜਿਸ ਵਿੱਚ ਸੁਖਬੀਰ ਸਿੰਘ ਬਾਦਲ ਜ਼ਮਾਨਤ ਤੇ ਹੈ ਉਹਨਾਂ ਕਿਹਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਡੇਰਾ ਸਾਧ ਵਲੋਂ ਭੇਜੇ ਮੁਆਫੀਨਾਮੇ ਅਤੇ ਸ ਸੁਖਬੀਰ ਸਿੰਘ ਬਾਦਲ ਵਲੋਂ ਸੌਂਪੇ ਗਏ ਬੰਦ ਲਿਫ਼ਾਫ਼ੇ ਦੇ ਸਪੱਸ਼ਟੀਕਰਨ ਨੂੰ ਜਨਤਕ ਕਰਨ ਕਿਉਂਕਿ ਪਹਿਲਾਂ ਬਾਦਲਾਂ ਦੇ ਬੰਦ ਲਿਫ਼ਾਫ਼ੇ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਾਰੀ ਹੈ ਹੁਣ ਸੁਖਬੀਰ ਬਾਦਲ ਦਾ ਬੰਦ ਲਿਫ਼ਾਫਾਂ ਅਕਾਲ ਤਖ਼ਤ ਸਾਹਿਬ ਤੇ ਕਈ ਵੱਖ ਵੱਖ ਤਰ੍ਹਾਂ ਦੇ ਸੁਆਲ ਖੜ੍ਹੇ ਕਰੇਗਾ । ਇਹ ਸਿੱਖ ਪੰਥ ਦੀ ਅੱਜ ਦੀ ਸਭ ਤੋਂ ਵੱਡੀ ਮੰਗ ਹੈ। ਉਹਨਾਂ ਕਿਹਾ ਰਾਮ ਰਹੀਮ ਨੂੰ ਮਾਫ਼ ਕਰਨ ਪੰਜ ਸਿੰਘ ਸਾਹਿਬਾਨ ਵੀ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਨੇ ਬਹੁਤ ਜ਼ਰੂਰੀ ਹਨ। ਉਹਨਾਂ ਕੋਲੋਂ ਸਪੱਸ਼ਟੀਕਰਨ ਲਿਆਂ ਜਾਵੇ ਕਿ ਉਹਨਾਂ ਨੂੰ ਮੁੱਖ ਮੰਤਰੀ ਸ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰੀ ਕੋਠੀ ਸੱਦਕੇ ਰਾਮ ਰਹੀਮ ਨੂੰ ਮਾਫ਼ ਕਰਨ ਲਈ ਕਿਸ ਕਿਸ ਨੇ ਹੁਕਮ ਪੰਜ ਸਿੰਘ ਸਾਹਿਬਾਨਾਂ ਨੂੰ ਚਾੜ੍ਹੇ ਸਨ । ਉਹਨਾਂ ਕਿਹਾ ਪੰਜ ਸਿੰਘ ਸਾਹਿਬਾਨ ਸ ਸੁਖਬੀਰ ਸਿੰਘ ਬਾਦਲ ਬਾਰੇ ਫ਼ੈਸਲਾ ਲੈਣ ਸਮੇਂ ਸੰਸਾਰ ਭਰਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਮੱਦੇਨਜ਼ਰ ਰੱਖਦਿਆਂ ਫੈਸਲਾ ਦੇਣ ਤਾਂ ਜੋ ਸਿੱਖ ਸੰਗਤਾਂ ਦਾ ਵਿਸ਼ਵਾਸ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੇ ਪੰਜ ਸਿੰਘ ਸਾਹਿਬਾਨਾਂ ਉੱਤੇ ਬਣਿਆ ਰਹੇ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਜੇ ਵੀ ਜਥੇਦਾਰ ਅਕਾਲੀ ਫੂਲਾ ਸਿੰਘ ਵਰਗੇ ਅਕਾਲ ਤਖ਼ਤ ਸਾਹਿਬ ਤੇ ਮੌਜੂਦ ਹਨ।

ਆਵਾਜ਼ਿ ਕੌਮ AWAZE QAUM International Newspaper & WEB TV


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ–ਧੰਨ
ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ
ਖਾਲਸਾ
ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ
ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ
ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ
ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating
Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ
ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ
ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ
ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ
ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ
ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ
ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ
ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ
ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com

E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV



HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
077151-28621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**

ੴ ਵਾਹਿਗੁਰੂ ਜੀ ਕੀ ਫਤਹਿ ॥

ਪੰਜ ਤੀਰ ਹੋਰ ਤੂੰ ਗੁਰੂ ਤੋਂ ਮੰਗੇ, ਗੰਗੂ ਦੀ ਰੂਹ ਨੂੰ ਮਾਰਨ ਲਈ। ਅੱਜ ਪੰਥ ਇਕੱਠਾ ਹੋਇਆ ਹੈ, ਤੇਰੇ ਬੋਲਾਂ ਨੂੰ ਸਤਿਕਾਰਨ ਲਈ।

# ਜਲਾਵਤਨ ਸਿੱਖ ਯੋਧੇ, ਦਲ ਖਾਲਸਾ ਦੇ ਬਾਨੀ, ਕੌਮੀ ਸ਼ਾਇਰ, ਭਾਈ ਗਜਿੰਦਰ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਬਾਬਾ ਸੰਗ ਜੀ ਸਮੈਦਿਕ ਵਿਖੇ 4 ਅਗਸਤ 2024 ਦਿਨ ਐਤਵਾਰ ਨੂੰ

# ਸ਼ਰਧਾਂਜ਼ਲੀ ਸਮਾਗਮ

ਵੀਹਵੀਂ ਸਦੀ ਦੇ ਮਹਾਨ ਗੁਰਸਿੱਖ, ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਰਿਹਾਈ ਲਈ 29 ਸਤੰਬਰ 1981 ਨੂੰ ਇੰਡੀਅਨ ਏਅਰ ਲਾਇਨਜ ਦਾ ਹਵਾਈ ਜਹਾਜ਼ ਹਾਈਜੈਕ ਕਰਕੇ ਲਾਹੌਰ ਲਿਜਾਣ ਵਾਲੇ ਭਾਈ ਗਜਿੰਦਰ ਸਿੰਘ ਜੀ ਸਾਥੀਆਂ ਸਮੇਤ ਕਰੀਬ 14 ਸਾਲ ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ ਵਿੱਚ ਨਜ਼ਰਬੰਦ ਰਹੇ ਅਤੇ ਉਸ ਤੋਂ ਬਾਅਦ ਅੰਤਮ ਸਵਾਸ ਤੱਕ ਪਾਕਿਸਤਾਨ ਵਿੱਚ ਹੀ ਜਲਾਵਤਨੀ ਦੀ ਜ਼ਿੰਦਗੀ ਬਿਤਾਈ।

ਬਿਖੜੇ ਪੈਂਡਿਆਂ ਤੇ ਤੁਰਦਿਆਂ ਵੀ ਸਰਦਾਰ ਗਜਿੰਦਰ ਸਿੰਘ ਨੇ ਦ੍ਰਿੜਤਾ ਨਾਲ ਖਾਲਿਸਤਾਨ ਦੀ ਅਜ਼ਾਦੀ ਅਤੇ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਲਈ ਸਖਤ ਪਹਿਰਾ ਦਿੱਤਾ।

ਬੀਤੀ 3 ਜੁਲਾਈ 2024 ਨੂੰ ਭਾਈ ਗਜਿੰਦਰ ਸਿੰਘ ਜੀ ਲਾਹੌਰ ਵਿਖੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਅਦੁੱਤੀ ਪੰਥਕ ਦੇਣ ਨੂੰ ਯਾਦ ਕਰਦਿਆਂ ਸੰਸਾਰ ਭਰ ਵਿੱਚ ਪੰਥ ਦਰਦੀਆਂ ਵੱਲੋਂ ਸ਼ਰਧਾਂਜਲੀ ਸਮਾਗਮ ਕੀਤੇ ਜਾ ਰਹੇ ਹਨ। ਉਸੇ ਲੜੀ ਵਿੱਚ ਗੁਰਦੁਆਰਾ ਬਾਬਾ ਸੰਗ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 4 ਅਗਸਤ 2024 ਦਿਨ ਐਤਵਾਰ ਨੂੰ ਵਿਸ਼ਾਲ ਸ਼ਰਧਾਂਜਲੀ ਸਮਾਗਮ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਪੰਥਕ ਪਿਆਰ ਵਿੱਚ ਹੁੰਮ-ਹੁੰਮਾ ਕੇ ਪੁੱਜੋ ਅਤੇ ਪੰਥਕ ਏਕੇ ਦਾ ਸਬੂਤ ਦਿੰਦਿਆਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਜਲਾਵਤਨ ਸਿੱਖ ਯੋਧਾ
ਭਾਈ ਗਜਿੰਦਰ ਸਿੰਘ ਦਲ ਖਾਲਸਾ

## === ਪ੍ਰੋਗਰਾਮ ਦਾ ਵੇਰਵਾ :===

ਮਿਤੀ 2 ਅਗਸਤ 2024 ਦਿਨ ਸ਼ੁਕਰਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਮਿਤੀ ਅਗਸਤ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਦੀਵਾਨ ਸਜੇਗਾ, ਜਿਸ ਵਿਚ ਉਚਕੋਟੀ ਦੇ ਰਾਗੀ ਜੱਥੇ, ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਨਾਮਵਰ ਪੰਥਕ ਬੁਲਾਰੇ ਪੰਥਕ ਵੀਚਾਰ ਸਾਂਝੇ ਕਰਨਗੇ।

## ਗੁਰਦੁਆਰਾ ਬਾਬਾ ਸੰਗ ਜੀ ਅਤੇ ਸੈਂਡਵਿਲ ਦੇ ਸਮੂਹ ਗੁਰਦੁਆਰਾ ਸਾਹਿਬ

**GURDWARA BABA SANG JI SMETHWICK**
**7-9 ST PAUL'S ROAD, SMETHWICK, B66 1EE**

ਵਧੇਰੇ ਜਾਣਕਾਰੀ ਲਈ ਸੰਪਰਕ :

**0121 558 2681 / 07930 908368 / 07452 765165**


ਦਮਦਮੀ ਟਕਸਾਲ
ਗੁਰੂ ਹਰਿਰਾਇ
ਦਮਦਮੀ ਟਕਸਾਲ ਵੱਲੋਂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ ਸਮਾਗਮ
ਆਰੰਭ 20 ਜੁਲਾਈ 2024 ਤੋ 18 ਅਗਸਤ 2024 ਤੱਕ
Monday - Friday
6PM - 9PM
Saturday - Sunday
3PM - 5PM
6PM - 9PM
Bhog Shri Sehaj Path
Sunday 18th August 2024
Kirtan - Katha Darbar


SANT BEANT SINGH JI
BER KALAN WALE | UK TOUR 2024
FRI 26TH JULY - SUN 28TH JULY: SOUTHAMPTON
MON 29TH JULY - SUN 4TH AUGUST: SOUTHALL
MON 5TH AUGUST - SAT 10TH AUGUST: 7:00-8:00PM
GURU NANAK GURDWARA, LEICESTER, LE1 4LJ
SUN 11TH AUGUST: 1:00-2:00PM
GURU NANAK GURDWARA, LEICESTER, LE1 4LJ
WED 14TH AUGUST - 7:30-8:10PM:
GURU HAR RAI SAHIB GURDWARA, WEST BROMWICH, B70 6JW
SUN 18TH AUGUST - 2:00-3:00 PM:
GURU HAR RAI GURDWARA, WEST BROMWICH, B70 6JW
MON 19TH AUGUST - SUN 25TH AUGUST: 7:00-7:30AM &
6:45-7:30PM
SEDLEY STREET, WOLVERHAMPTON, WV2 3AJ
MON 26TH AUGUST - SUN 1ST SEPTEMBER: 7:30-8:15AM,
10:00-11:00AM & 7:15-8:00PM
BABA SANG GURDWARA, SMETHWICK, B66 1EE
SANT BEANT SINGH | WHATSAPP: +918530000006


ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ
ਮਹਾਨ ਗੁਰਮਤਿ ਸਮਾਗਮ
ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਪਾ. ਅੱਠਵੀਂ ਅੰਬਾਲਾ
27 ਜੁਲਾਈ 2024 ਦਿਨ ਸ਼ਨਿੱਚਰਵਾਰ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਉਪਰੰਤ ਆਰੰਭਤਾ ਮਹਾਨ ਨਗਰ ਕੀਰਤਨ ਸਵੇਰੇ 10:30 ਵਜੇ
ਮਿਤੀ 28 ਜੁਲਾਈ 2024 ਐਤਵਾਰ ਦਿਨ ਤੇ ਰਾਤ ਢਾਡੀ, ਕਵੀਸ਼ਰੀ ਅਤੇ ਕੀਰਤਨੀਏ ਸੰਗਤਾਂ ਨੂੰ ਨਿਹਾਲ ਕਰਨਗੇ
ਰੈਣ ਸਬਾਈ ਕੀਰਤਨ:- ਸਮਾਂ ਰਾਤ 11 ਵਜੇ ਤੋਂ 2 ਵਜੇ ਤੱਕ ਹੋਵੇਗਾ।
ਮਿਤੀ 29 ਜੁਲਾਈ 2024 ਦਿਨ ਸੋਮਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 9 ਵਜੇ
ਉਪਰੰਤ 10 ਵਜੇ ਤੋਂ ਸ਼ਾਮ 4 ਵਜੇ ਤੱਕ ਧਾਰਮਿਕ ਦੀਵਾਨ ਸਜਣਗੇ
ਅੰਮ੍ਰਿਤ ਸੰਚਾਰ:- ਮਿਤੀ 29 ਜੁਲਾਈ 2024 ਦਿਨ ਸੋਮਵਾਰ ਸਵੇਰੇ 11 ਵਜੇ ਹੋਵੇਗਾ
(ਅੰਮ੍ਰਿਤ ਅਭਿਲਾਖੀ ਸਮੇਂ ਸਿਰ ਪਹੁੰਚ ਕੇ ਆਪਣਾ ਨਾਮ ਦਰਜ ਕਰਵਾਉਣ ਦੀ ਕ੍ਰਿਪਾਲਤਾ ਕਰਨ ਜੀ)
LIVE ON
ਬਾਲਾ ਪ੍ਰੀਤਮ TV
ਬੀਬੀ ਦਲੇਰ ਕੌਰ ਖਾਲਸਾ
ਭਾਈ ਕਮਲਦੀਪ ਸਿੰਘ
ਭਾਈ ਅਰਵਿੰਦਰਜੀਤ ਸਿੰਘ
ਭਾਈ ਮੇਜਰ ਸਿੰਘ
ਢਾਡੀ ਜੱਥਾ, ਸੁਲਤਾਨਪੁਰ ਲੋਧੀ
(ਅਖੰਡ ਕੀਰਤਨੀ ਜੱਥਾ)
GURBANI
ਨੋਟ: ਕੋਈ ਵੀ ਸੱਜਣ ਸਟੇਜ ਸੈਕਟਰੀ ਦੀ ਆਗਿਆ ਤੋਂ ਬਿਨ੍ਹਾ ਬੋਲਣ ਦੀ ਖੇਚਲ ਨਾ ਕਰੇ।
ਰਾਤ ਦੀਪ-ਮਾਲਾ ਅਤੇ ਆਤਿਸ਼ਬਾਜੀ ਹੋਵੇਗੀ
ਜਥੇਦਾਰ ਭੁਪਿੰਦਰ ਸਿੰਘ ਅਸੰਧ ਪ੍ਰਧਾਨ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸ.ਸੁਦਰਸ਼ਨ ਸਿੰਘ ਅੰਬਾਲਾ ਸੀਨੀਅਰ ਮੀਤ ਪ੍ਰਧਾਨ
ਸ.ਭੁਪਿੰਦਰ ਸਿੰਘ ਅੰਬਾਲਾ ਮੈਂਬਰ
ਸ.ਤਰਵਿੰਦਰਪਾਲ ਸਿੰਘ ਅੰਬਾਲਾ ਅੰਤ੍ਰਿੰਗ ਮੈਂਬਰ
ਭਾਈ ਬੂਟਾ ਸਿੰਘ ਹੈਡ ਗ੍ਰੰਥੀ ਗੁ: ਸ੍ਰੀ ਪੰਜੋਖਰਾ ਸਾਹਿਬ
ਸ. ਸੁਖਵਿੰਦਰ ਸਿੰਘ ਮੰਡੇਬਰ ਜਰਨਲ ਸਕੱਤਰ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ,ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ ਅਤੇ ਸਮੂੰਹ ਮੈਂਬਰ ਸਾਹਿਬਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਬੇਨਤੀ ਕਰਤਾ: ਮੈਨੇਜਰ ਗੁ. ਸ੍ਰੀ ਪੰਜੋਖਰਾ ਸਾਹਿਬ ਪਾ.ਅੱਠਵੀਂ ਅੰਬਾਲਾ ਮੋਂ. 9991037375, 9728333218
HDFC BANK
BRANCH: PANJOKHRA, AMBALA

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ

- ਧੰਨ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਨੰਤ ਪਿਆਰੇ ਸਿੱਖ ਭਾਈ ਰੂਪ ਚੰਦ ਜੀ
- ਸਲਾਨਾ ਬਰਸੀਂ ਭਾਈ ਰੂਪ ਚੰਦ ਸਮਾਧ ਭਾਈ ( ਮੋਗਾ) ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

**ਸ਼ਨਿੱਚਰਵਾਰ 27 ਜੁਲਾਈ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ**

ਐਤਵਾਰ 28 ਜੁਲਾਈ 2024 ਨੂੰ 6:30 ਵਜੇ ਸਵੇਰੇ ਚੋਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ



ਕੀਰਤਨੀ ਜਥਾ ਰਾਗੀ ਭਾਈ ਦਲੇਰ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਬੰਗਲਾ ਸਾਹਿਬ ਦਿੱਲੀ ਵਾਲੇ

ਕੀਰਤਨ ਦਰਬਾਰ ਰਾਗੀ ਭਾਈ ਦਲੇਰ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਬੰਗਲਾ ਸਾਹਿਬ ਦਿੱਲੀ ਵਾਲੇ ਕੀਰਤਨ ਰਾਹੀਂ ਗੁਰਬਾਣੀ ਕੀਰਤਨ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

- ਛਬੀਲ ਵੀ ਲੱਗੇਗੀ
- ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778


ਸ਼੍ਰੀ ਅਕਾਲ ਸਹਾਇ।।
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਵੱਲੋਂ
ਬਾਲਾ ਪ੍ਰੀਤਮ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਗੁਰਮਤਿ ਸਮਾਗਮ
ਸਥਾਨ– ਗੁਰਦੁਆਰਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਪਾ: 10 ਵੀਂ, ਸੂਰਤਗੜ੍ਹੀਆ ਬਾਜ਼ਾਰ, ਸਿਰਸਾ
ਮਿਤੀ– 29 ਜੁਲਾਈ 2024, ਸੋਮਵਾਰ, ਸਮਾਂ – ਸ਼ਾਮ 4 ਤੋਂ 9 ਵਜੇ ਤੱਕ
ਭਾਈ ਦਵਿੰਦਰ ਸਿੰਘ ਪ੍ਰਚਾਰਕ,
ਭਾਈ ਕੁਲਵਿੰਦਰ ਸਿੰਘ ਰਾਗੀ ਜੱਥਾ ਗੁ: ਪਾ: ੧੦ਵੀਂ
ਭਾਈ ਰਣਬੀਰ ਸਿੰਘ ਹੈੱਡ ਗ੍ਰੰਥੀ ਗੁ: ਪਾ: ੧੦ਵੀਂ
ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ,
ਹਰਿਆਣਾ ਸਿੱਖ ਗੁ. ਪ੍ਰ. ਕਮੇਟੀ
ਸ. ਜਗਸੀਰ ਸਿੰਘ ਮਾਂਗੇਆਣਾ ਅੰਤ੍ਰਿੰਗ ਮੈਂਬਰ
ਸ. ਪ੍ਰਕਾਸ਼ ਸਿੰਘ ਸਾਹੂਵਾਲਾ ਮੈਂਬਰ
ਸ. ਮਾਲਕ ਸਿੰਘ ਭਾਵਦੀਨ ਮੈਂਬਰ
ਸ. ਪਰਮਜੀਤ ਸਿੰਘ ਮਾਖਾ ਮੈਂਬਰ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ,
ਹਰਿਆਣਾ ਸਿੱਖ ਗੁ. ਪ੍ਰ. ਕਮੇਟੀ
ਬੇਨਤੀ ਕਰਤਾ– ਸਕੱਤਰ ਧਰਮ ਪ੍ਰਚਾਰ, ਮੈਨੇਜਰ ਗੁਰਦੁਆਰਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਪਾ: 10ਵੀਂ ਸਿਰਸਾ ਅਤੇ ਸਮੂੰਹ ਸੰਗਤ।


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ
ਵਿਸ਼ੇਸ਼ ਉਪਰਾਲਾ
ਮਾਤਾ ਗੁਜਰ ਕੌਰ ਜੀ ਵਿੱਦਿਅਕ ਭਲਾਈ ਸਕੀਮ ਤਹਿਤ
ਅੰਮ੍ਰਿਤਧਾਰੀ ਮਾਂ ਬਾਪ ਦੇ ਅੰਮ੍ਰਿਤਧਾਰੀ ਬੱਚਿਆਂ ਨੂੰ ਆਪਣੇ ਵਿੱਦਿਅਕ ਅਦਾਰਿਆਂ ਵਿੱਚ
ਪੜ੍ਹਾਈ ਮੁਫਤ ਅਤੇ ਆਪਣੇ ਕਾਲਜਾਂ ਵਿੱਚ ਦਿੱਤੇ ਜਾਣਗੇ ਵਿਸ਼ੇਸ਼ ਵਜ਼ੀਫ਼ੇ
ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ।
ਆਪਣੇ ਬੱਚਿਆਂ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿੱਚ ਦਾਖਲ ਕਰਵਾਓ ਜੀ।
ਗੁਰੂ ਤੇਗ ਬਹਾਦਰ ਖਾਲਸਾ ਪਬਲਿਕ ਸਕੂਲ, ਕੈਂਥਲ
ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ, ਕਪਾਲਮੋਚਨ, ਯਮੁਨਾਨਗਰ
ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ, ਤਿਲੋਕੇਵਾਲਾ, ਸਿਰਸਾ
ਮਾਤਾ ਸੁੰਦਰੀ ਖਾਲਸਾ ਗਰਲਜ ਕਾਲਜ, ਨਿਸਿੰਗ, ਕਰਨਾਲ
ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖਾਲਸਾ ਕਾਲਜ, ਪੰਜੋਖਰਾ ਸਾਹਿਬ, ਅੰਬਾਲਾ
ਜਥੇਦਾਰ ਭੁਪਿੰਦਰ ਸਿੰਘ ਅਸੰਧ ਪ੍ਰਧਾਨ HSGMC
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ HSGMC

### ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਤਲਵੰਡੀ ਸਾਬੋ ਵਲੋਂ

# ਵਿੱਦਿਅਕ ਕਿਆਰੀਆਂ ਸੰਬੰਧੀ ਸੈਮੀਨਾਰ




**ਤਲਵੰਡੀ ਸਾਬੋ, 27 ਜੁਲਾਈ (ਗਗੁਰਜੰਟ ਸਿੰਘ ਨਥੇਹਾ)**- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਤਲਵੰਡੀ ਸਾਬੋ ਵਲੋਂ ਸ਼ਖਸ਼ੀਅਤ ਦੀ ਘਾੜਤ ਘਟਣ ਸੰਬੰਧੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿੱਦਿਅਕ ਕਿਆਰੀਆਂ ਲਗਾਈਆਂ ਅਤੇ ਸੈਮੀਨਾਰ ਲਾਏ ਜਾ ਰਹੇ ਹਨ। ਏਸੇ ਲੜੀ ਦੇ ਤਹਿਤ ਅੱਜ ਸਰਕਾਰੀ ਸਕੂਲ ਕਲਾਲਵਾਲਾ, ਗੁਰੂ ਹਰਗੋਬਿੰਦ ਪਬਲਿਕ ਸਕੂਲ ਲਹਿਰੀ, ਸਰਕਾਰੀ ਸਕੂਲ ਮਲਕਾਣਾ, ਜੋਧਪੁਰ ਪਾਖਰ, ਸਰਕਾਰੀ ਸਕੂਲ ਕੋਟ ਸ਼ਮੀਰ ਆਦਿ ਸਕੂਲਾਂ ਵਿਚ ਖੇਤਰ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਖਾਲਸਾ ਵੱਲੋਂ ਸੈਮੀਨਾਰ ਆਯੋਜਿਤ ਕੀਤੇ ਗਏ। ਸੈਮੀਨਾਰਾਂ 'ਚ ਸ਼ਮਸ਼ੇਰ ਸਿੰਘ ਖਾਲਸਾ ਨੇ ਸ਼ਖ਼ਸੀਅਤ ਦੀ ਡ ਘਾੜਤ ਵਿਸ਼ੇ ਬਾਰੇ ਦੱਸਦਿਆਂ ਕਿਹਾ ਕਿ ਸੂਝਵਾਨ ਬਣਨ ਲਈ ਸਾਨੂੰ ਕਿਤਾਬਾਂ ਨਾਲ ਦੋਸਤੀ ਵਧਾਉਣੀ ਚਾਹੀਦੀ ਹੈ ਤਾਂ ਕਿਤਾਬਾਂ ਨੂੰ ਪੜ੍ਹਕੇ, ਸੁਣਕੇ, ਸਮਝਕੇ ਤੇ ਇਸ 'ਤੇ ਅਮਲ ਕਰਕੇ ਹੀ ਅਸੀਂ ਵਧੀਆ ਵਿਦਿਆਰਥੀ ਜਾਂ ਵਧੀਆ ਇਨਸਾਨ ਬਣ ਸਕਦੇ ਹਾਂ। ਭਾਈ ਖਾਲਸਾ ਨੇ ਨੈਤਿਕ ਸਿੱਖਿਆ ਇਮਤਿਹਾਨ ਬਾਰੇ ਚਾਨਣਾ ਪਾਇਆ ਗਿਆ। ਉਹਨਾਂ ਕਿਹਾ ਕਿ ਇਹ ਇਮਤਿਹਾਨ ਹਰ ਸਾਲ ਪੂਰੇ ਦੇਸ਼ ਵਿਚ ਲਿਆ ਜਾਂਦਾ ਹੈ ਜਿਸ ਵਿਚ ਵੱਡੀ ਗਿਣਤੀ ਵਿਚ ਵਿਦਿਆਰਥੀ ਭਾਗ ਲੈਂਦੇ ਹਨ ਅਤੇ ਇਸ ਵਾਰ ਵੀ ਵੱਡੀ ਗਿਣਤੀ ਵਿਦਿਆਰਥੀ ਸ਼ਮੂਲੀਅਤ ਕਰ ਰਹੇ ਹਨ। ਉਹਨਾਂ ਕਿਹਾ ਕਿ ਬਹੁਤ ਸਕੂਲਾਂ, ਕਾਲਜਾਂ ਸੈਮੀਨਾਰ ਲਗਾਏ ਜਾ ਚੁੱਕੇ ਅਤੇ 15 ਅਗਸਤ ਤੱਕ ਸਮਾਂ ਹੈ ਜੇਕਰ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਣਾ, ਸਿਖਾਉਣਾ ਹੈ ਤਾਂ 9878786600 ਅਤੇ 8968727272 ਨੰਬਰਾਂ ਤੇ ਸੰਪਰਕ ਕਰਕੇ ਸੈਮੀਨਾਰ ਦਾ ਸਮਾਂ ਲੈ ਸਕਦੇ ਹੋ ਅਤੇ ਹੋਰ ਵੀ ਬੱਚੇ ਇਸ ਇਮਤਿਹਾਨ ਵਿੱਚ ਭਾਗ ਲੈ ਸਕਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਤਲਵੰਡੀ ਸਾਬੋ ਵਲੋਂ ਵਿੱਦਿਅਕ ਕਿਆਰੀਆਂ ਸੰਬੰਧੀ ਸੈਮੀਨਾਰ

### ਰੰਧਾਵਾ ਸਪੋਰਟਸ ਕਲੱਬ ਮਲਕ ਨੰਗਲ ਨੇ ਐਨ.ਆਰ.ਆਈਜ. ਦੇ ਉਦਮ ਨਾਲ ਲਾਏ ਬੂਟੇ

# ਪੌਦੇ ਲਗਾਉਣ, ਪਾਣੀ ਬਚਾਉਣ ਤੇ ਪਲਾਸਟਿਕ ਦਾ ਘੱਟ ਪ੍ਰਯੋਗ ਕਰਨ ਦੀ ਕੀਤੀ ਅਪੀਲ



**ਚੌਂਕ ਮਹਿਤਾ, 27 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਰੰਧਾਵਾ ਸਪੋਰਟਸ ਕਲੱਬ ਮਲਕ ਨੰਗਲ ਦੇ ਵੱਲੋਂ ਐਨ. ਆਰ. ਆਈ. ਵੀਰਾ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਦੋਨੰਗਲ ਦੀ ਹਾਕੀ ਗਰਾਉਂਡ ਅਤੇ ਪਿੰਡ ਮਲਕ ਨੰਗਲ ਦੇ ਸ਼ਮਸ਼ਾਨ ਘਾਟ ਵਿਚ ਹਰਿਆਵਲ ਵਾਲੇ ਛਾਂਦਾਰ ਬੂਟੇ ਲਗਾਏ ਗਏ। ਇਸ ਦੌਰਾਨ ਕਲੱਬ ਦੇ ਪ੍ਰਧਾਨ ਡਾ. ਤਰਸੇਮ ਸਿੰਘ, ਨੰਬਰਦਾਰ ਸਤੀਸ਼ ਕੁਮਾਰ ਤੇ ਗੁਰਸੇਵਕ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿੰਡ ਮਲਕ ਨੰਗਲ ਦੇ ਐਨ. ਆਰ. ਆਈਜ. ਹਰਸ਼ਰਨ ਸਿੰਘ ਪ੍ਰਿੰਸ ਯੂ. ਐੱਸ. ਏ., ਸਾਬਕਾ ਸਰਪੰਚ ਬਿਕਰਮਜੀਤ ਸਿੰਘ ਮਲਕ ਨੰਗਲ (ਕੈਨੇਡਾ), ਰਾਜਵਿੰਦਰ ਸਿੰਘ (ਇਟਲੀ), ਜਰਮਨ ਸਿੰਘ (ਜਰਮਨੀ), ਸਰਬਜੀਤ ਸਿੰਘ (ਯੂ. ਏ. ਈ.), ਗੁਰਪਾਲ ਸਿੰਘ (ਮਸਕਟ), ਗੁਰਿੰਦਰ ਸਿੰਘ (ਮਸਕਟ), ਮਨਜਿੰਦਰ ਸਿੰਘ (ਮਸਕਟ), ਹਰਜੀਤ ਸਿੰਘ (ਮਸਕਟ), ਸਨੀ (ਕੈਨੇਡਾ), ਜਸ਼ਨ (ਕੈਨੇਡਾ), ਪ੍ਰਤਾਪ ਸਿੰਘ (ਯੂ. ਕੇ.), ਰਾਜਨ ਸ਼ਰਮਾ (ਯੂ. ਕੇ.), ਮਨੀ ਸ਼ਰਮਾਂ (ਇਟਲੀ), ਪ੍ਰਭ (ਪੁਰਤਗਾਲ), ਗੋਰਾ (ਇਟਲੀ) ਤੇ ਪ੍ਰਿੰਸ (ਇਟਲੀ) ਦੇ ਵਿਸ਼ੇਸ਼ ਸਹਿਯੋਗ ਨਾਲ ਹਰ ਸਾਲ ਮਾਨਸੂਨ ਦੇ ਮੌਸਮ ਵਿਚ ਪੌਦੇ ਲਗਾਉਣ ਦੀ ਮੁਹਿੰਮ ਵਿੱਢੀ ਜਾਂਦੀ ਹੈ। ਇਸੇ ਤਰਾਂ ਇਸ ਵਾਰ ਵੀ ਵੱਖ ਵੱਖ ਥਾਵਾਂ ਤੇ 100 ਦੇ ਕਰੀਬ ਬੂਟੇ ਲਗਾਏ ਗਏ ਹਨ, ਅਤੇ ਬਹੁਤ ਸਾਰੇ ਬੂਟੇ ਲੋਕਾਂ ਨੂੰ ਆਪਣੇ ਘਰਾਂ ਦੇ ਆਸਪਾਸ ਲਗਾਉਣ ਲਈ ਵੀ ਦਿੱਤੇ ਹਨ। ਉਨ੍ਹਾਂ ਲਗਾਤਾਰ ਵੱਧ ਰਹੇ ਤਾਪਮਾਨ ਪ੍ਰਤੀ ਚਿੰਤਾ ਪ੍ਰਗਟ ਕਰਦਿਆਂ ਆਖਿਆ ਕਿ ਧਰਤੀ ਦਾ ਤਾਪਮਾਨ 48 ਡਿਗਰੀ ਤੋਂ 50 ਡਿਗਰੀ ਸੈਲਸੀਅਸ ਤੱਕ ਪਹੁੰਚ ਚੁੱਕਾ ਹੈ, ਜਿਸ ਤੇ ਕਾਬੂ ਪਾਉਣ ਲਈ ਵੱਧ ਤੋਂ ਵੱਧ ਦਰੱਖਤ ਲਗਾਉਣੇ ਚਾਹੀਦੇ ਹਨ।

ਆਮ ਲੋਕਾਂ ਨੂੰ ਸੁਨੇਹਾ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਨੂੰ ਬੂਟੇ ਲਗਾਉਣ ਤਕ ਹੀ ਆਪਣੀ ਜਿੰਮੇਵਾਰੀ ਨਹੀਂ ਸਮਝਣੀ ਚਾਹੀਦੀ, ਸਗੋਂ ਇਨਾਂ ਦੀ ਦੇਖਭਾਲ ਕਰਨਾ ਵੀ ਸਾਡੇ ਲਈ ਅਤਿ ਜ਼ਰੂਰੀ ਹੈ। ਇਸ ਸਮੇਂ ਕਲੱਬ ਪ੍ਰਧਾਨ ਡਾ. ਤਰਸੇਮ ਸਿੰਘ ਤੇ ਨੰਬਰਦਾਰ ਸਤੀਸ਼ ਕੁਮਾਰ ਨੇ ਨਵੇਂ ਪੌਦੇ ਲਗਾਉਣ, ਪਾਣੀ ਬਚਾਉਣ ਅਤੇ ਪਲਾਸਟਿਕ ਵਸਤੂਆਂ ਦਾ ਘੱਟ ਤੋਂ ਘੱਟ ਪ੍ਰਯੋਗ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਗੁਰਸਾਹਬ ਸਿੰਘ, ਸਾਬੀ ਕੋਚ ਤੇ ਅਨਮੋਲ ਸਿੰਘ ਵੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ✯ ਫੋਟੋ ਗੈਲਰੀ ✯

ਆਵਾਜ਼ਿ ਕੌਮ AWAZE QAUM International Newspaper & WEB TV



ਡਾ: ਮਦਨ ਮੋਹਨ ਐਸ.ਐਮ.ਓ. ਸਿਵਲ ਹਸਪਤਾਲ, ਅੰਮ੍ਰਿਤਸਰ ਨੂੰ ਵਧੀਆ ਸੇਵਾਵਾਂ ਦੌਰਾਨ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਦੇ ਚੇਅਰਮੈਨ ਪੰਡਿਤ ਰਾਕੇਸ਼ ਸ਼ਰਮਾ ਜੀ ਵਲੋ ਸਨਮਾਨਿਤ ਕੀਤਾ ਗਿਆ ਇਸ ਮੌਕੇ, ਡਾ: ਸਵਰਨਜੀਤ ਧਵਨ ਐਸ ਐੱਮ ਓ ਸਿਵਲ ਹਸਪਤਾਲ, ਡਾ. ਪ੍ਰੀਤਵੀਨ ਸੰਧੂ, ਮੈਟਰਨ ਕਮਲਜੀਤ ਕੌਰ, ਸਿਮਰਜੀਤ ਨਰਸਿੰਗ ਸਿਸਟਰ, ਕਿਰਨਜੀਤ ਸਟਾਫ਼ ਨਰਸ, ਅਤੇ ਸਿਮਰਨਜੀਤ ਸਿੰਘ ਅਤੇ ਹੋਰ ਹਾਜਰ ਸਨ।

**(ਫੋਟੋ : ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਂਕ ਮਹਿਤਾ)**

# ਐੱਸ. ਜੀ. ਐੱਨ. ਇੰਟਰਨੈਸ਼ਨਲ ਸਕੂਲ ਦੀਵਾਨਾਂ ਦੇ ਵਿਦਿਆਰਥੀਆਂ ਨੇ ਕਾਰਗਿਲ ਵਿਜੇ ਦਿਵਸ ਮਨਾਇਆ



**ਬਰਨਾਲਾ, 27 ਜੁਲਾਈ (ਵਰਿਆਮ ਹਠੂਰ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਸ ਜੀ. ਐੱਨ. ਇੰਟਰਨੈਸ਼ਨਲ ਸਕੂਲ ਦੀਵਾਨਾਂ ਦੇ ਵਿਦਿਆਰਥੀਆਂ ਨੇ ਕਾਰਗਿਲ ਵਿਜੇ ਦਿਵਸ ਮਨਾਇਆ ਇਸ ਮੌਕੇ ਕਾਰਗਿਲ ਸ਼ਹੀਦਾਂ ਨੂੰ ਯਾਦ ਕਰਦਿਆਂ ਉਹਨਾਂ ਨੂੰ ਸ਼ਰਧਾਂਜਲੀ ਅਰਪਨ ਕੀਤੀ ਇਸ ਮੌਕੇ ਕਾਰਗਿਲ ਸ਼ਹੀਦਾਂ ਬਾਰੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਦੱਸਿਆ ਕਿ ਇਸ ਲੜਾਈ ਵਿੱਚ 527 ਫ਼ੌਜੀ ਵੀਰਾਂ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ 1363 ਫ਼ੌਜੀ ਵੀਰ ਜ਼ਖਮੀ ਹੋਏ ਆਖਿਰ 26 ਜੁਲਾਈ ਨੂੰ ਭਾਰਤ ਦਾ ਝੰਡਾ ਲਹਿਰਾ ਕੇ ਜਿੱਤ ਦਾ ਡੰਕਾ ਵਜਾਇਆ। ਇਸ ਮੌਕੇ ਸਮੁੱਚੇ ਸਟਾਫ਼ ਵਿੱਚ ਕੁਲਜੀਤ ਸਿੰਘ, ਪਵਨਜੀਤ ਕੌਰ, ਪ੍ਰਭਜੋਤ ਕੌਰ, ਅਮਨਜੋਤ ਕੌਰ, ਪ੍ਰਦੀਪ ਕੌਰ, ਰਮਨਜੀਤ ਕੌਰ, ਹਰਪ੍ਰੀਤ ਕੌਰ, ਗੁਰਪ੍ਰੀਤ ਕੌਰ, ਪਰਵੀਨ, ਜਸਪ੍ਰੀਤ ਕੌਰ, ਮਨਦੀਪ ਕੌਰ , ਸਰਬਜੀਤ ਕੌਰ, ਅਮਨਦੀਪ ਕੌਰ, ਕਮਲਜੀਤ ਕੌਰ, ਗੁਰਪ੍ਰੀਤ ਕੌਰ, ਲਛਮਣੀ, ਸੁਖਜੀਤ ਕੌਰ, ਰਮਨਦੀਪ ਕੌਰ ਆਦਿ ਤੋਂ ਇਲਾਵਾ ਸਮੁੱਚੀ ਮੈਨੇਜ਼ਮੈਂਟ ਹਾਜ਼ਿਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

# ਸਾਹਿਬ ਸ੍ਰੀ ਗੁਰੂ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੌਦੇ ਵੰਡੇ



ਚੌਂਕ ਮਹਿਤਾ 27 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ)ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਸਕੂਲ ਚੂੰਘ ਦੇ ਵਿੱਚ ਅਧਿਆਪਕ ਮਾਪੇ ਮਿਲਣੀ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਛਾਂਦਾਰ ਅਤੇ ਫਲਦਾਰ ਬੂਟੇ ਵੰਡੇ ਗਏ। ਇਸਦੇ ਨਾਲ ਹੀ ਵਿਦਿਆਰਥੀਆਂ ਨੂੰ ਵਿਸਥਾਰ ਨਾਲ ਸਮਝਾਇਆ ਗਿਆ ਕਿ ਇਸ ਸਮੇਂ ਪੰਜਾਬ ਵਿੱਚ ਵਾਤਾਵਰਨ ਦੇ ਕੀ ਹਾਲਾਤ ਹਨ ਅਤੇ ਇਹਨਾਂ ਨੂੰ ਸੁਧਾਰਣ ਲਈ ਮਨੁੱਖ ਦੇ ਕੀ ਕੀ ਕਰਤੱਵ ਹਨ। ਸਕੂਲ ਦੇ ਚੇਅਰਮੈਨ ਰਘਬੀਰ ਸਿੰਘ ਸੋਹਲ ਨੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਦਸਿਆ ਕਿ ਕੁਝ ਦਿਨ ਪਹਿਲਾਂ ਹੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਿੱਤੀਆਂ ਹੋਈਆਂ ਹਿਦਾਇਤਾਂ ਸਕਦਾ ਸਕੂਲ ਦੇ ਬੋਰਡ ਦੇ ਇਮਤਿਹਾਨ ਵਿੱਚੋ ਮੈਰਿਟ ਵਿੱਚ ਆਏ ਹੋਏ ਅਤੇ ਸਕੂਲ ਦੇ ਇਮਤਿਹਾਨਾਂ ਵਿੱਚ ਅੱਵਲ ਆਏ ਹੋਏ ਵਿਦਿਆਰਥੀਆਂ ਦੇ ਹੱਥੋਂ ਸਕੂਲ ਵਿੱਚ 50 ਦੇ ਕਰੀਬ ਨਵੇਂ ਛਾਂਦਾਰ ਅਤੇ ਫਲਦਾਰ ਰੁੱਖਾਂ ਦੇ ਬੂਟੇ ਲਗਾਏ ਗਏ ਹਨ। ਹੁਣ ਪੰਜਾਬ ਵਿੱਚ ਨਵੀਂ ਕ੍ਰਾਂਤੀ ਆਈ ਹੈ ਕਿ ਮਾਰੂਥਲ ਬਣਨ ਤੋਂ ਬਚਾਉਣ ਲਈ ਹੁਣ ਫਿਰ ਤੋਂ ਪੰਜਾਬ ਨੂੰ ਹਰਿਆ ਭਰਿਆ ਕਰਨ ਦੀ ਕੋਸ਼ਿਸ਼ ਸ਼ੁਰੂ ਹੋ ਚੁੱਕੀ ਹੈ।ਇਸ ਨੂੰ ਧਿਆਨ ਵਿੱਚ ਰਖਦਿਆਂ ਬਹੁਤ ਸਾਰੇ ਸਮਾਜ ਸੇਵੀਆਂ ਵੱਲੋਂ ਰੁੱਖਾਂ ਦੇ ਲੰਗਰ ਲਗਾਏ ਜਾ ਰਹੇ ਹਨ। ਇਸੇ ਮੁਹਿੰਮ ਦੇ ਤਹਿਤ ਅੱਜ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਬੂਟੇ ਵੰਡੇ ਗਏ ਹਨ। ਇਸ ਮੁਹਿੰਮ ਵਿੱਚ ਸਕੂਲ ਦੇ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਨੇ ਯੋਗ ਭੂਮਿਕਾ ਨਿਭਾਈ। ਵਿਦਿਆਰਥੀਆਂ ਦੇ ਨਾਲ ਨਾਲ ਮਾਤਾ ਪਿਤਾ ਵਿੱਚ ਵੀ ਇਸ ਮੁਹਿੰਮ ਨੂੰ ਲੈ ਕੇ ਇੰਨਾ ਭਰੀ ਉਤਸ਼ਾਹ ਪਾਇਆ ਗਿਆ ਕਿ ਸਕੂਲ ਛੁੱਟੀ ਹੋਣ ਤੋਂ ਪਹਿਲਾਂ ਹੀ ਵਿਦਿਆਰਥੀਆਂ ਦੀਆ ਬੂਟੇ ਲਗਾਉਂਦਿਆਂ ਦੀਆ ਤਸਵੀਰਾਂ ਸਕੂਲ ਨੂੰ ਮਿਲਣੀ ਸ਼ੁਰੂ ਵੀ ਹੋ ਗਈਆਂ ਸਨ। ਇਸ ਮੌਕੇ ਤੇਜਬੀਰ ਸਿੰਘ ਸੋਹਲ, ਜਸਪ੍ਰੀਤ ਕੌਰ ਸੋਹਲ, ਮੰਤੇਸ਼ ਕੁਮਾਰ, ਮਨਪ੍ਰੀਤ ਕੌਰ ਛੀਨਾ ਅਤੇ ਹੋਰ ਅਧਿਆਪਕ ਹਾਜ਼ਿਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

### ਮੁਹੱਲਾ ਵਾਸੀਆਂ ਦੀ ਮੁਸ਼ਕਲ ਦਾ ਕੀਤਾ ਹੱਲ : ਮੈਡਮ ਸੁਹਿੰਦਰ ਕੌਰ

# ਵਾਰਡ ਨੰਬਰ ਅੱਠ 'ਚ ਬਿਜਲੀ ਸਪਲਾਈ ਹੋਈ ਬਹਾਲ ਨਵਾਂ ਟ੍ਰਾਂਸਫਾਰਮਰ ਲੱਗਾ





**ਜੰਡਿਆਲਾ ਗੁਰੂ, 27 ਜੁਲਾਈ (ਕੁਲਵੰਤ ਸਿੰਘ ਵਿਰਦੀ)**-ਅੱਜ ਬਿਜਲੀ ਮੰਤਰੀ ਸਰਦਾਰ ਹਰਭਜਨ ਸਿੰਘ ਈ ਟੀ ਉ ਜੀ ਦੇ ਦਿਸ਼ਾ ਨਿਰਦੇਸ਼ ਹੇਠ ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਜੰਡਿਆਲਾ ਗੁਰੂ ਸ਼ਹਿਰ ਵਿੱਚ ਜਿਸ ਕਿਸੇ ਰਿਹਾਇਸ਼ੀ ਇਲਾਕੇ ਵਿੱਚ ਬਿਜਲੀ ਦੀ ਸਪਲਾਈ ਸਬੰਧੀ ਕੋਈ ਵੀ ਸ਼ਿਕਾਇਤ ਆ ਰਹੀ ਹੈ ਉਹਨਾਂ ਰਿਹਾਇਸ਼ੀ ਇਲਾਕਿਆਂ ਦੀ ਬਿਜਲੀ ਸਪਲਾਈ ਵਿੱਚ ਸੁਧਾਰ ਕੀਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਮੈਡਮ ਸੁਹਿੰਦਰ ਕੌਰ ਜੀ ਧਰਮਪਤਨੀ ਸਰਦਾਰ ਹਰਭਜਨ ਸਿੰਘ ਈ ਟੀ ਉ ਬਿਜਲੀ ਮੰਤਰੀ ਪੰਜਾਬ ਜੀ ਨੇ ਵਾਰਡ ਨੰਬਰ 8 ਦੇ ਵਾਸੀਆਂ ਨੂੰ ਬਿਜਲੀ ਸਪਲਾਈ ਵਿੱਚ ਆ ਰਹੀ ਮੁਸ਼ਕਲ ਨੂੰ ਦੂਰ ਕਰਨ ਸਮੇਂ ਕੀਤਾ। ਉਹਨਾਂ ਦੱਸਿਆ ਕਿ ਵਾਰਡ ਨੰਬਰ ਅੱਠ ਦੇ ਵਾਸੀਆਂ ਦੀ ਬਿਜਲੀ ਸਪਲਾਈ ਨੂੰ ਲੈ ਕੇ ਕਾਫ਼ੀ ਸ਼ਿਕਾਇਤਾਂ ਆ ਰਹੀਆਂ ਸਨ। ਜਿਸ ਦਾ ਹੱਲ ਕਰਦੇ ਹੋਏ ਅੱਜ ਨਵਾਂ ਟਰਾਂਸਫਾਰਮਰ ਲਗਾ ਦਿੱਤਾ ਗਿਆ ਹੈ। ਉਹਨਾਂ ਦੱਸਿਆ ਕਿ ਬਿਜਲੀ ਮੰਤਰੀ ਸਰਦਾਰ ਹਰਭਜਨ ਸਿੰਘ ਈ ਟੀ ਉ ਜੀ ਦੇ ਦਿਸ਼ਾ ਨਿਰਦੇਸ਼ ਹੇਠ ਹੋਰ ਵੀ ਸ਼ਹਿਰ ਦੀਆਂ ਵਾਰਡਾਂ ਵਿੱਚ ਬਿਜਲੀ ਸਪਲਾਈ ਨੂੰ ਲੈ ਕੇ ਜੋ ਵੀ ਸ਼ਿਕਾਇਤਾਂ ਹਨ। ਉਹਨਾਂ ਦਾ ਵੀ ਜਲਦੀ ਹਰ ਸੰਭਵ ਹੱਲ ਕਰਕੇ ਬਿਜਲੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਵਾਰਡ ਨੰਬਰ 8 ਦੇ ਵਾਸੀਆਂ ਨੇ ਮੈਡਮ ਸੁਹਿੰਦਰ ਕੌਰ ਜੀ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਸ੍ਰ ਸਤਿੰਦਰ ਸਿੰਘ ,ਮੈਡਮ ਸੁਨੈਨਾ ਰੰਧਾਵਾ ਬਲਾਕ ਪ੍ਰਧਾਨ, ਮੈਡਮ ਸਰਬਜੀਤ ਕੌਰ ਜੀ, ਤੋਂ ਇਲਾਵਾ ਬਿਜਲੀ ਵਿਭਾਗ ਦੇ ਮੁੱਖ ਇੰਜੀਨੀਅਰ ਗੁਰਮੁੱਖ ਸਿੰਘ, ਐਸ ਡੀ ਉ ਸੁਖਜੀਤ ਸਿੰਘ, ਜੇ ਈ ਲਖਵਿੰਦਰ ਸਿੰਘ, ਮੌਜੂਦ ਸਨ।

## ਚੇਅਰਮੈਨ ਘੁੱਲੀ ਬਣਾਇਆ ਜਾਵੇ ਬਰਨਾਲਾ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ: ਆਪ ਆਗੂ



**ਧੂਰੀ ( ਰਣਜੀਤ ਸਿੰਘ ਪੇਧਨੀ )**-ਜਲੰਧਰ ਜਿਮਣੀ ਚੋਣ ਤੋਂ ਬਾਅਦ ਹੁਣ ਬਰਨਾਲਾ ਜਿਮਨੀ ਚੋਣ ਚਰਚਾ ਦੇ ਵਿੱਚ ਹੈ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਕਿ ਬਰਨਾਲਾ ਦੀ ਟਿਕਟ ਸਾਬਕਾ ਵਿਧਾਇਕ ਗੋਲਡੀ ਜਾ ਕਿਸੇ ਹੋਰ ਵਿਅਕਤੀ ਨੂੰ ਚੋਣ ਲੜ ਸਕਦਾ ਹੈ । ਪਰ ਪਾਰਟੀ ਹਾਈ ਕਮਾਂਡ ਨੂੰ ਚਾਹੀਦਾ ਹੈ ਕਿ 2012 ਤੋਂ ਲੈ ਕੇ 2022 ਤੱਕ ਪਾਰਟੀ ਦੇ ਉਤਰਾ ਚੜਾ ਪਾਰਟੀ ਦੇ ਨਾਲ ਹੰਡਾਏ ਅਤੇ ਜੋ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਿਨਾਂ ਨੂੰ ਵਾਈ ਫੇਸ ਅਤੇ ਮਾਈ ਨੇਮ ਜਾਣਦੇ ਹਨ। ਜਦੋ 2019 ਦੀ ਇਲੈਕਸ਼ਨ ਤੋਂ ਬਾਅਦ ਪੰਜਾਬ ਦੇ ਲੋਕ ਕਹਿ ਰਹੇ ਸੀ ਕਿ ਝਾੜੂ ਤੀਲਾ ਤੀਲਾ ਹੋ ਗਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨਹੀਂ ਆਉਂਦੀ ਪਰ ਧੂਰੀ ਹਲਕੇ ਦੇ ਵਿੱਚ ਮਸਾ ਗਿਣਤੀ ਦੇ ਪੰਜ ਸੱਤ ਬੰਦੇ ਜਿਨਾਂ ਦੇ ਵਿੱਚੋਂ ਰਾਜਵੰਤ ਸਿੰਘ ਘੁੱਲੀ ਪਾਰਟੀ ਨਾਲ ਮਾੜੇ ਟਾਈਮ ਖੜੇ ਰਹੇ ਪਾਰਟੀ ਦੀ ਮਜਬੂਤੀ ਲਈ ਦਿਨ ਰਾਤ ਮਿਹਨਤ ਕਰਕੇ ਪਾਰਟੀ ਨੂੰ ਬੁਲੰਦੀਆਂ ਤੇ ਪਹੁੰਚਾਇਆ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਚਾਇਤ ਯੂਨੀਅਨ ਬਲਾਕ ਧੂਰੀ ਦੇ ਪ੍ਰਧਾਨ ਸਰਪੰਚ ਸੁਖਦੀਪ ਸਿੰਘ ਚੀਮਾ, ਆਪ ਆਗੂ ਕੁਲਦੀਪ ਸਿੰਘ ਬੁੱਟਰ,ਆਪ ਆਗੂ ਅਰਵਿੰਦ ਸ਼ਰਮਾ ਨਾਭਾ, ਆਪ ਆਗੂ ਰਣਜੀਤ ਸਿੰਘ ਸੇਰਗਿਲ, ਆਪ ਆਗੂ ਬੂਟਾ ਸੁਲਤਾਨਪੁਰ ਅਤੇ ਆਪ ਆਗੂ ਰਣਜੀਤ ਸਿੰਘ ਧੰਦੀਵਾਲ ਪ੍ਰਮੁੱਖ ਉਮੀਦਵਾਰ ਬਲਾਕ ਸੰਮਤੀ ਜੋਨ ਧੰਦੀਵਾਲ ਨੇ ਕੀਤਾ । ਆਗੂਆਂ ਨੇ ਕਿਹਾ ਕਿ ਅੱਜ ਪਾਰਟੀ ਹਾਈ ਕਮਾਂਡ ਨੂੰ ਚਾਹੀਦਾ ਹੈ ਕਿ ਬਰਨਾਲੇ ਹਲਕੇ ਤੋਂ ਸ, ਰਾਜਵੰਤ ਸਿੰਘ ਘੁੱਲੀ ਟਿਕਟ ਦੇ ਕੇ ਨਿਵਾਜਿਆ ਜਾਵੇ ਉਹ ਬਰਨਾਲਾ ਦੀ ਜਿਮਨੀ ਚੋਣ ਵੱਡੇ ਮਾਰਜਨ ਨਾਲ ਜਿੱਤ ਕੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਦੇ ਹੱਥ ਮਜਬੂਤ ਕਰਨਗੇ।

## ਸਟੇਸ਼ਨਰੀ ਵੰਡੀ ਅਤੇ ਪੌਦੇ ਲਾਏ



ਅੱਜ ਸਵਰਗਾਸੀ ਏ.ਐਸ.ਆਈ ਗੁਰਮੇਲ ਸਿੰਘ ਸਰਾਂ ਨਥੇਹਾ ਦੀ ਯਾਦ ਵਿੱਚ ਪਾਇਮਰੀ ਸਕੂਲ ਨਥੇਹਾ ਵਿੱਚ ਸਾਰੇ ਸਕੂਲ ਦੇ ਵਿਦਿਆਰਥੀਆਂ ਨੂੰ ਕਾਪੀ ਕਿਤਾਬਾਂ, ਪੈਨ, ਪੈਨਸਲਾਂ ਆਦਿ ਸਮਾਨ ਵੰਡਿਆ ਗਿਆ ਅਤੇ ਸਕੂਲ ਵਿੱਚ ਫਲਦਾਰ ਪੌਦੇ ਵੀ ਲਗਾਏ ਗਏ। ਇਸ ਮੌਕੇ ਸਮਾਜ ਸੇਵੀ ਮਣੀ ਸੂਰਤੀਆ ਨੇ ਦੱਸਿਆ ਕਿ ਗੁਰਮੇਲ ਸਿੰਘ ਸਰਾਂ ਦੀ ਯਾਦ ਵਿੱਚ ਲੋੜਵੰਦ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ ਗਈ ਅਤੇ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਪੌਦੇ ਲਾ ਕੇ ਵਿਛੜੀ ਸ਼ਖ਼ਸੀਅਤ ਨੂੰ ਸ਼ਰਧਾਂਜਲੀ ਅਰਪਣ ਕੀਤੀ ਹੈ। ਫੋਟੋ: ਗੁਰਜੰਟ ਸਿੰਘ ਨਥੇਹਾ

## ਲੋਕ ਸਭਾ ਚੋਣਾਂ ਦੌਰਾਨ ਵਧੀਆ ਕਰਨ ਤੇ ਸੈਕਟਰ ਅਫਸਰ ਨੂੰ ਡੀ ਸੀ ਵੱਲੋ ਸਨਮਾਨਿਤ ਕੀਤਾ ਗਿਆ



ਜੰਡਿਆਲਾ ਗੁਰੂ 27 ਜੁਲਾਈ ( ਕੁਲਵੰਤ ਸਿੰਘ ਵਿਰਦੀ) ਵੱਖ ਵੱਖ ਸਰਕਾਰੀ ਅਦਾਰਿਆਂ ਵਿੱਚ ਇਮਾਨਦਾਰੀ ਅਤੇ ਪੂਰੀ ਤਨਦੇਹੀ ਨਾਲ ਡਿਊਟੀ ਨਿਭਾਉਣ ਵਾਲੇ ਕਰਮਚਾਰੀਆਂ ਨੂੰ ਉਚ ਅਧਿਕਾਰੀਆਂ ਵੱਲੋਂ ਸਨਮਾਨਿਤ ਕੀਤਾ ਜਾਂਦਾ ਹੈ ਉੱਥੇ ਅੱਜ ਇਸੇ ਲੜੀ ਦੇ ਤਹਿਤ ਲੋਕ ਸਭਾ ਚੋਣਾਂ-2024 ਦੌਰਾਨ ਵਧੀਆ ਕੰਮ ਕਰਨ ਕਰਕੇ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਲੋਂ ਜਿੱਥੇ ਵਧੀਆ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਗਿਆ ਉੱਥੇ ਇੱਥੋਂ ਥੋੜੀ 5 ਕਿਮੀ: ਦੂਰੀ ਤੇ ਸਥਿਤ ਪਿੰਡ ਜੋਧਾਨਗਰੀ ਦੇ ਸੈਕਟਰ ਅਫਸਰ ਗੁਰਦੇਵ ਸਿੰਘ ਨੂੰ ਡੀ ਸੀ ਅੰਮ੍ਰਿਤਸਰ ਘਨਸਿਆਮ ਥੋਰੀ ਵੱਲੋਂ ਲੋਕ ਸਭਾ ਚੋਣਾਂ-2024 ਮੌਕੇ ਵਧੀਆ ਕੰਮ ਕਰਨ ਬਦਲੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਪਿੰਡ ਵਾਸੀਆਂ ਨੇ ਗੁਰਦੇਵ ਸਿੰਘ ਦੀ ਇਸ ਮਾਣਮੱਤੀ ਪ੍ਰਾਪਤੀ ਤੇ ਰਿਟਾ: ਨੇਵੀ ਆਫੀਸਰ ਕੁਲਵਿੰਦਰ ਸਿੰਘ ਸਿੱਧੂ , ਰਮਨਜੀਤ ਸਿੰਘ , ਇਕਬਾਲ ਸਿੰਘ, ਕੁਲਦੀਪ ਸਿੰਘ ਆੜ੍ਹਤੀ ਵਰਿੰਦਰ ਸਿੰਘ, ਦਲਜੀਤ ਸਿੰਘ ਜੰਮੂ, ਕਲਵਜੀਤ ਸਿੰਘ, ਸੁਖਵਿੰਦਰ ਸਿੰਘ, ਤਰਸੇਮ ਸਿੰਘ, ਜਗਦੀਸ਼ ਸਿੰਘ ਬੱਬੂ ਹਰਜੀਤ ਸਿੰਘ ਫੌਜੀ ,ਰਣਜੀਤ ਸਿੰਘ ਰਾਣਾ ਆਦਿ ਨੇ ਮਾਣ ਮਹਿਸੂਸ ਕਰਦਿਆਂ ਮੁਬਾਰਕ ਬਾਦ ਦਿੱਤੀ ਅਤੇ ਹੋਰ ਤਰੱਕੀਆਂ ਕਰਨ ਦੀ ਕਾਮਨਾ ਕੀਤੀ।

### ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ

# ਲੁਧਿਆਣਾ ਜ਼ਿਲੇ ਵਿੱਚ ਕਰਵਾਇਆ ਗਿਆ ਦੂਜਾ ਕਵਿਤਾ ਮੁਕਾਬਲਾ





**ਲੁਧਿਆਣਾ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**- ਅੱਜ ਸ. ਆਤਮਾ ਪਬਲਿਕ ਸਕੂਲ, ਲੁਧਿਆਣਾ ਵਿਖੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਦੂਜਾ ਕਵਿਤਾ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਸਕੂਲ ਦੇ ਕੁੱਲ 43 ਬੱਚਿਆਂ ਨੇ ਭਾਗ ਲਿਆ। ਸਕੂਲ ਦੀ ਅਧਿਆਪਕਾ ਮਨਜੀਤ ਕੌਰ ਧਿਮਾਨ ਜੀ ਨੇ ਇਸ ਮੁਕਾਬਲੇ ਲਈ ਬੱਚਿਆਂ ਦੀ ਬਹੁਤ ਸੋਹਣੀ ਤਿਆਰੀ ਕਰਵਾਈ। ਮੈਡਮ ਗੀਤਾ, ਮੈਡਮ ਜਸਮੀਤ ਕੌਰ, ਮੈਡਮ ਮਨਪ੍ਰੀਤ ਕੌਰ, ਮੈਡਮ ਪੂਜਾ ਕੌਸ਼ਲ ਅਤੇ ਮੈਡਮ ਜ਼ੀਨਤ ਨੇ ਇਸ ਕਵਿਤਾ ਮੁਕਾਬਲੇ ਨੂੰ ਖ਼ਾਸ ਤੌਰ ਤੇ ਖੂਬਸੂਰਤ ਬਣਾਉਨ ਲਈ ਤੇ ਭਰਪੂਰ ਸਹਿਯੋਗ ਕੀਤਾ। ਸਕੂਲ ਦੇ ਚੇਅਰਮੈਨ ਸ.ਗੁਰਪ੍ਰੀਤ ਸਿੰਘ ਸਾਗਰ ਜੀ ਅਤੇ ਐਮ.ਡੀ ਸ਼੍ਰੀਮਤੀ ਪੂਜਾ ਸਾਗਰ ਜੀ ਨੇ ਇਸ ਮੁਕਾਬਲੇ ਲਈ ਬਹੁਤ ਸੋਹਣਾ ਪ੍ਰਬੰਧ ਕੀਤਾ। ਇਸ ਸਾਰੇ ਪ੍ਰੋਗਰਾਮ ਨੂੰ ਸਪਾਂਸਰ ਕੀਤਾ ਯੂਕੋ ਬੈਂਕ ਹੈਬੋਵਾਲ ਕਲਾਂ ਬ੍ਰਾਂਚ ਲੁਧਿਆਣਾ ਨੇ। ਇਸ ਬੈਂਕ ਦੇ ਮੈਨੇਜਰ ਸ. ਰਛਪਾਲ ਸਿੰਘ ਜੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਣ ਵਿੱਚ ਹਮੇਸ਼ਾਂ ਅੱਗੇ ਵੱਧ ਚੜ ਕੇ ਆਪਣਾ ਯੋਗਦਾਨ ਪਾਉਂਦੇ ਹੋਏ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦਾ ਹਮੇਸ਼ਾਂ ਸਾਥ ਦਿੰਦੇ ਹਨ। ਇਸ ਕਵਿਤਾ ਮੁਕਾਬਲੇ ਨੂੰ ਜੱਜ ਕਰਣ ਦੀ ਭੂਮਿਕਾ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੇ ਸੰਸਥਾਪਕ ਅਤੇ ਪ੍ਰਧਾਨ ਰਸ਼ਿੰਦਰ ਕੌਰ ਗਿੱਲ ਜੀ, ਵਕੀਲ ਤ੍ਰਿਪਤਾ ਬਰਮੌਤਾ ਜੀ ਅਤੇ ਕੁਲਦੀਪ ਕੌਰ ਸਚਦੇਵਾ ਜੀ ਨੇ ਨਿਭਾਈ। ਇਸ ਕਵਿਤਾ ਮੁਕਾਬਲੇ ਵਿੱਚ ਪੰਜ ਬੱਚਿਆਂ ਨੂੰ ਜੇਤੂ ਐਲਾਨਿਆ ਗਿਆ। ਨਾਜ਼ੀਆ (ਨੌਵੀਂ) ਪਹਿਲੀ ਜੇਤੂ, ਕਾਰਤਿਕ ਸ਼ਰਮਾ (ਦੱਸਵੀਂ) ਦੂਜਾ ਜੇਤੂ, ਹਰਲੀਨ ਕੌਰ (ਬਾਰਵੀਂ) ਤੀਜੀ ਜੇਤੂ, ਸੁਮਨ (ਗਿਆਰਵੀਂ) ਚੌਥੀ ਜੇਤੂ ਅਤੇ ਖੁਸ਼ਬੂ (ਸੱਤਵੀਂ) ਪੰਜਵੀ ਜੇਤੂ ਰਹੇ। ਇਸ ਕਵਿਤਾ ਮੁਕਾਬਲੇ ਨੂੰ ਪੰਜਾਬੀ ਭਾਸ਼ਾ ਦੇ ਸ਼ੁੱਧ ਉਚਾਰਨ, ਕਵਿਤਾ ਦੀ ਲੈਅ ਬੱਧਤਾ ਅਤੇ ਕਵਿਤਾ ਬੋਲਣ ਦੇ ਤਰੀਕੇ ਦੇ ਅਧਾਰ ਤੇ ਜੱਜ ਕੀਤਾ ਗਿਆ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦਾ ਸਕੂਲਾਂ ਵਿੱਚ ਕਵਿਤਾ ਮੁਕਾਬਲੇ ਕਰਵਾਉਣ ਦਾ ਮੁੱਖ ਉਦੇਸ਼ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਣਾ ਅਤੇ ਆਪਣੇ ਪੰਜਾਬੀ ਵਿਰਸੇ ਨਾਲ ਜੋੜਣਾ ਹੈ। ਪੀਂਘਾਂ ਸੋਚ ਦੀਆਂ ਸਾਹਿਤ ਮੰਚ ਸਕੂਲਾਂ ਕਾਲਜਾਂ ਵਿੱਚ ਕਵਿਤਾ ਮੁਕਾਬਲੇ ਦੇ ਨਾਲ-ਨਾਲ ਪੰਜਾਬੀ ਲੋਕ ਗੀਤ, ਸੁਹਾਗ, ਘੋੜੀਆਂ ਅਤੇ ਸ਼ਬਦ ਗਾਇਨ ਦੇ ਵੀ ਮੁਕਾਬਲੇ ਕਰਵਾ ਰਿਹਾ ਹੈ। ਮੰਚ ਦੇ ਇਸ ਉਪਰਾਲੇ ਨੂੰ ਪੰਜਾਬ ਭਰ ਦੇ ਕਾਫੀ ਸਕੂਲਾਂ ਤੋਂ ਹੁੰਗਾਰਾ ਮਿਲ ਰਿਹਾ ਹੈ। ਸਕੂਲਾਂ ਦੇ ਅਧਿਆਪਕ ਮੰਚ ਦੇ ਇਸ ਉਪਰਾਲੇ ਰਾਹੀਂ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਪੰਜਾਬੀ ਵਿਰਸੇ ਦੀ ਅਹਮਿਯਤ ਨੂੰ ਸਮਝਾਉਣ ਲਈ ਇਹ ਮੁਕਾਬਲੇ ਕਰਵਾ ਰਹੇ ਹਨ। ਸਕੂਲ ਦੇ ਬੱਚਿਆਂ ਦੀ ਹੌਂਸਲਾ ਅਫਜਾਈ ਕਰਣ ਡਾ. ਹਰੀ ਸਿੰਘ ਜਾਚਕ ਜੀ ਉਚੇਚੇ ਤੌਰ ਤੇ ਇਸ ਮੁਕਾਬਲੇ ਵਿੱਚ ਸ਼ਿਰਕੱਤ ਕਰਣ ਪਹੁੰਚੇ। ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੇ ਕਵਿਤਾਵਾਂ ਦੀ ਚੋਣ ਕਰਦੇ ਸਮੇਂ ਬਹੁਤ ਹੀ ਵਧੀਆ ਸਮਾਜਿਕ ਅਤੇ ਪਰਿਵਾਰਕ ਵਿਸ਼ੇ ਚੁਣੇ। ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਪ੍ਰਮਾਣ ਪੱਤਰ ਦਿੱਤੇ ਗਏ। ਪਹਿਲੇ ਪੰਜ ਜੇਤੂ ਬੱਚਿਆਂ, ਮੁਕਾਬਲਾ ਤਿਆਰ ਕਰਣ ਵਾਲੇ ਅਧਿਆਪਕ ਅਤੇ ਸਕੂਲ ਦੇ ਪ੍ਰਬੰਧਕਾਂ ਨੂੰ ਮੰਚ ਵੱਲੋਂ ਯਾਦਗਿਰੀ ਚਿਣ ਦਿੱਤੇ ਗਏ। ਜੱਜ ਦੀ ਭੂਮਿਕਾ ਨਿਭਾ ਰਹੇ ਮੈਂਬਰਾਂ ਨੂੰ ਯਾਦਗਿਰੀ ਚਿੰਨ ਅਤੇ ਦਿਵਾਰ ਘੜੀ ਦੇ ਕੇ ਸਨਮਾਨਿਤ ਕੀਤਾ ਗਿਆ। ਲੁਧਿਆਣੇ ਵਿਖੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਇਹ ਦੂਜਾ ਸਫਲ ਮੁਕਾਬਲਾ ਹੋਇਆ। ਮੰਚ ਦੀ ਸੰਸਥਾਪਕ ਅਤੇ ਪ੍ਰਧਾਨ ਰਸ਼ਿੰਦਰ ਕੌਰ ਗਿੱਲ ਜੀ ਨੇ ਕਿਹਾ ਕਿ ਇਸ ਕਵਿਤਾ ਮੁਕਾਬਲੇ ਨੂੰ ਸਫਲ ਬਣਾਉਣ ਲਈ ਸਮੁੱਚੀ ਟੀਮ ਨੇ ਬਹੁਤ ਮਹਿਨਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਡਾ ਮੰਚ ਹਮੇਸ਼ਾ ਪੰਜਾਬੀ ਭਾਸ਼ਾ ਅਤੇ ਪੰਜਾਬੀ ਵਿਰਸੇ ਨੂੰ ਪ੍ਰਫੁਲਿਤ ਕਰਣ ਲਈ ਅੱਗੋਂ ਵੀ ਇਸ ਤਰਾਂ ਦੇ ਹੋਰ ਸਫਲ ਕਾਰਜ ਕਰਦੇ ਰਹੇਗਾ।

**ਸ.ਆਤਮਾ ਸਿੰਘ ਪਬਲਿਕ ਸਕੂਲ ਵਿਖੇ ਕਰਵਾਏ ਇਸ ਕਵਿਤਾ ਮੁਕਾਬਲਾ ਨੂੰ ਸਪਾਂਸਰ ਕੀਤਾ ਯੂਕੋ ਬੈਂਕ ਹੈਬੋਵਾਲ ਕਲਾਂ ਬ੍ਰਾਂਚ ਲੁਧਿਆਣਾ ਨੇ**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਲੋਹ ਬਾਰੋ ਕੌਂਸਲ ਵਿੱਚ ਸਿੱਖ ਨਸਲਕੁਸ਼ੀ ਦਾ ਮਤਾ ਪ੍ਰਵਾਨ ਨਾ ਹੋਇਆ

## ਲੀਡਰ ਦੀ ਤਾਨਾਸ਼ਾਹੀ ਨੇ ਸਿੱਖ ਨਸਲਕੁਸ਼ੀ ਮੋਸ਼ਨ 'ਤੇ ਜਮਹੂਰੀ ਬਹਿਸ ਨੂੰ ਰੋਕਿਆ - ਕੌਂਸਲਰ ਸਾਬੀਆ ਅਕਰਮ

## ਸਿੱਖ ਨਸਲਕੁਸ਼ੀ ਮਤੇ ਦਾ ਭਾਰਤੀ ਪੱਖੀ ਸਿੱਖ ਕੌਂਸਲਰ ਨੇ ਕੀਤਾ ਡਟ ਕੇ ਵਿਰੋਧ






**PART I**
**FOR DECISION**

**MOTIONS SUBMITTED TO COUNCIL UNDER PROCEDURE RULE 14**

The following motions have been received in accordance with Council Procedure Rule 14:-

A) **1984 Sikh Genocide**

(Moved by Councillor Akram, seconded by Councillor W Sabah)

"Slough Borough Council resolves:

- The Council agrees to be supportive of local campaigns in raising awareness of anti-Sikh discrimination. Recognising that Slough is home to a large Sikh community.
- The Council recognise and commemorate the 40th anniversary of the 1984 Sikh genocide in India and condemns the recent killings of Sikh activists in foreign countries;

That the Leader of the Council write to the Prime Minister, Foreign Secretary, Defence Secretary and our Member of Parliament outlining the following:

- This council supports efforts to seek justice for the victims of the 1984 Sikh genocide and urges the government to hold accountable those responsible for these atrocities;
- Strongly convey the very deep concerns felt by Slough residents by UK intelligence reports of Indian Government agencies targeting Sikh activists in Slough;
- The UK Government unequivocally condemn all human rights violations and abuses against Sikhs and minorities in India and Indian Administered Jammu & Kashmir;
- The Member of Parliament for Slough to convey the demand of Slough Sikh's to support a referendum on Independence in Punjab, India;
- Call upon the Foreign Secretary to investigate and advocate for the release and safe return of Jagtar Singh Johal, also known as Juggy Johal, a British Sikh, imprisoned in India under controversial circumstances, raising serious concerns about his human rights and treatment whilst in incarceration."




**ਸਲੋਹ, 27 ਜੁਲਾਈ (ਸਰਬਜੀਤ ਸਿੰਘ ਬਨੂੜ)** - ਸਥਾਨਕ ਬਾਰੋ ਕੌਂਸਲ ਮੀਟਿੰਗ ਵਿੱਚ ਮੁਸਲਿਮ ਕੌਂਸਲਰਾਂ ਵੱਲੋਂ ਭਾਰਤ ਵਿੱਚ ਸੰਨ 84 ਦੀ ਸਿੱਖ ਨਸਲਕੁਸ਼ੀ ਵਾਲਾ ਲਿਆਂਦਾ ਮਤਾ ਭਾਰਤੀ ਪੱਖੀ ਸਿੱਖ ਕੌਂਸਲਰਾਂ ਦੇ ਭਾਰੀ ਵਿਰੋਧ ਤੋਂ ਬਾਦ ਕੌਂਸਲ ਮੀਟਿੰਗ ਵਿੱਚ ਪ੍ਰਵਾਨ ਨਾ ਕੀਤਾ ਗਿਆ। ਸਲੋਹ ਦੀ ਸਾਬਕਾ ਲੇਬਰ ਡਿਪਟੀ ਲੀਡਰ ਤੇ ਮੌਜੂਦਾ ਅਜ਼ਾਦ ਕੌਂਸਲਰ ਸਾਬੀਆ ਅਕਰਮ ਦੁਆਰਾ ਕੌਂਸਲਰ ਵਕਾਸ ਸਾਬਾ ਦੁਆਰਾ ਸਮਰਥਨ ਵਾਲੇ ਇਸ ਮਤੇ ਦੇ ਰੁਕ ਜਾਣ ਤੋਂ ਬਾਦ ਅਜ਼ਾਦ 7 ਕੌਂਸਲਰਾਂ ਨੇ ਸੱਤਾਧਾਰੀ ਧਿਰ ਨੂੰ ਤਾਨਾਸ਼ਾਹੀ ਅਤੇ ਜਮਹੂਰੀ ਪ੍ਰਕਿਰਿਆਵਾਂ ਦੀ ਅਣਦੇਖੀ ਕਰ, ਕੌਂਸਲ ਲੀਡਰ ਡੇਕਸਟਰ ਸਮਿਥ ਤੇ ਸਿੱਖ ਨਸਲਕੁਸ਼ੀ ਦੇ ਨਾਜ਼ੁਕ ਮਤੇ 'ਤੇ ਬਹਿਸ ਨੂੰ ਰੋਕ ਕੇ ਸਥਾਨਕ ਸਿੱਖਾਂ ਦੇ ਹਿਰਦਿਆਂ ਨੂੰ ਵਲੂੰਧਰਿਆ ਕਰਾਰ ਦਿੱਤਾ ਗਿਆ। 42 ਕੌਂਸਲਰਾਂ ਵਾਲੀ ਕੌਂਸਲ ਵਿੱਚ ਭਾਰਤੀ ਮੂਲ ਦੇ ਕੌਂਸਲਰਾਂ ਦਾ ਦਬਦਬਾ ਹੈ। ਇਸ ਮੌਕੇ ਮਤੇ ਉੱਤੇ ਹੋਣ ਵਾਲੀ ਬਹਿਸ ਖ਼ਿਲਾਫ਼ ਵੋਟ ਪਾਉਣ ਵਾਲੇ ਭਾਰਤੀ ਮੂਲ ਦੇ ਸਿੱਖ ਕੌਂਸਲਰਾਂ ਨੂੰ ਚੱਲਦੀ ਮੀਟਿੰਗ ਵਿੱਚ ਹੀ ਖਾਲਿਸਤਾਨ ਪੱਖੀ ਸਿੱਖਾਂ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਤੇ ਮੀਟਿੰਗ ਦੌਰਾਨ ਹੀ ਸਿੱਖਾਂ ਨੇ ਭਾਰਤੀ ਮੂਲ ਦੇ ਸਿੱਖ ਕੌਂਸਲਰਾਂ ਖਿਲਾਫ ਨਾਹਰੇਬਾਜ਼ੀ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ ਗਏ। ਮੁੱਖ ਵਿਰੋਧੀ ਲੇਬਰ ਪਾਰਟੀ ਦੇ ਕੌਂਸਲਰਾਂ ਵੱਲੋਂ ਇਸ ਮਤੇ ਤੇ ਆਪਣੀ ਦੂਰੀ ਬਣਾ ਵੋਟ ਨਾ ਪਾ ਚੁੱਪੀ ਧਾਰ ਲਈ ਗਈ। ਸਲੋਹ ਬਾਰੋ ਕੌਂਸਲ ਵਿੱਚ ਟੋਰੀ ਤੇ ਲਿਬਰਲ ਪਾਰਟੀ ਦੀ ਸਾਂਝੀ ਸਰਕਾਰ ਹੈ।

ਇਹ ਮਤਾ ਇੰਗਲੈਂਡ ਵਿੱਚ 1984 ਦੀ ਸਿੱਖ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਨੂੰ ਮਨਾਉਣ ਤੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਇੱਕ ਕੋਸ਼ਿਸ਼ ਸੀ ਜਿਸ ਨੂੰ ਕਈ ਅੰਤਰਰਾਸ਼ਟਰੀ ਸੰਸਥਾਵਾਂ ਦੁਆਰਾ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਗਈ ਹੈ, ਜਿਸ ਵਿੱਚ ਯੂਐਸ-ਅਧਾਰਤ ਐਨਜੀਓ ਜੈਨੋਸਾਈਡ ਵਾਚ ਅਤੇ ਅੰਤਰਰਾਸ਼ਟਰੀ ਮਨੁੱਖੀ ਸੰਗਠਨ ਸ਼ਾਮਲ ਹਨ। ਜਿਕਰਯੋਗ ਹੈ ਕਿ ਇਸ ਪ੍ਰਸਤਾਵ ਦੀ ਹਮਾਇਤ ਵਿੱਚ ਕੌਂਸਲ ਮੀਟਿੰਗ ਵਿੱਚ 100 ਤੋਂ ਵੱਧ ਸਥਾਨਕ ਸਿੱਖਾਂ ਨੇ ਹਾਜ਼ਰ ਹੋ ਕੇ ਸਿੱਧੀ ਕਾਰਵਾਈ ਨੂੰ ਵੇਖਿਆ ਗਿਆ। ਇਸ ਮਤੇ ਵਿੱਚ ਸਥਾਨਕ ਖਾਲਿਸਤਾਨ ਪੱਖੀ ਸਿੱਖਾਂ ਵਿਰੁੱਧ ਮਿਲੀਆ ਧਮਕੀਆਂ ਦੇ ਨਾਲ ਸਥਾਨਕ ਅਧਿਕਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਲਿਸ ਅਤੇ ਬਹੁ-ਏਜੰਸੀ ਭਾਈਵਾਲਾਂ ਨਾਲ ਕੰਮ ਕਰਨ ਦੀ ਤੁਰੰਤ ਲੋੜ ਨੂੰ ਉਜਾਗਰ ਕਰਨਾ ਸੀ ਤੇ ਭਾਰਤ ਦੀ ਜੇਲ ਵਿੱਚ ਬੰਦ ਬਰਤਾਨੀਆ ਨਾਗਰਿਕ ਜੱਗੀ ਜੌਹਲ ਨੂੰ ਵਾਪਸ ਲਿਆਉਣ ਲਈ ਲੇਬਰ ਸਰਕਾਰ ਤੇ ਦਬਾਅ ਵਧਾਉਣਾ ਸੀ।

ਕੌਂਸਲਰ ਸਾਬੀਆ ਅਕਰਮ ਨੇ ਕਿਹਾ ਕਿ ਕੌਂਸਲ ਲੀਡਰ ਡੇਕਸਟਰ ਸਮਿਥ ਨਾ ਸਿਰਫ ਜਮਹੂਰੀ ਬਹਿਸ ਨੂੰ ਰੋਕ ਰਿਹਾ ਹੈ ਬਲਕਿ ਸਿੱਖ ਕੌਮ ਲਈ ਇਨਸਾਫ਼ ਮੰਗਣ ਵਾਲਿਆਂ ਦੀਆਂ ਆਵਾਜ਼ਾਂ ਨੂੰ ਵੀ ਬੰਦ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਭਾਈਚਾਰੇ ਦਾ ਸਿੱਧਾ ਨਿਰਾਦਰ ਹੈ। ਕੌਂਸਲਰ ਸਾਬੀਆ ਨੇ ਸਿੱਖ ਭਾਈਚਾਰੇ ਦੇ ਸਾਰੇ ਮੈਂਬਰਾਂ ਨੂੰ ਇਸ ਗੈਰ-ਜਮਹੂਰੀ ਕਾਰਵਾਈ ਦੇ ਵਿਰੁੱਧ ਖੜ੍ਹੇ ਹੋਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਭਵਿੱਖ ਦੀ ਮੀਟਿੰਗ ਵਿੱਚ ਮੁੜ ਪ੍ਰਸਤਾਵ ਪੇਸ਼ ਕੀਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮਤੇ ਦੇ ਹੱਕ ਵਿੱਚ ਸਥਾਨਕ ਸਿੱਖਾਂ ਤੋਂ ਇਲਾਵਾ ਗੁਰੂ ਨਾਨਕ ਗੁਰਦਵਾਰਾ ਸਮੈਦਿਕ, ਵਰਲਡ ਸਿੱਖ ਪਾਰਲੀਮੈਂਟ, ਐਫ ਐਸ ਓ, ਸਿੱਖ ਫੈਡਰੇਸਨ ਯੂਕੇ ਵੱਲੋ ਵੀ ਮਤੇ ਲਈ ਸਮਰਥਨ ਪੱਤਰ ਜਾਰੀ ਕੀਤੇ ਗਏ ਸਨ ਤੇ ਇਸ ਮਤੇ ਦੇ ਵਿਰੋਧ ਵਿੱਚ ਸਥਾਨਕ 57 ਭਾਰਤੀ ਸਮਰਥਕ ਸਿੱਖਾਂ ਜਿਸ ਵਿੱਚ ਸਾਬਕਾ ਮੇਅਰ ਮੇਵਾ ਮਾਨ, ਜਸਵੰਤ ਸਿੰਘ ਗਿੱਢਾ, ਨੇ ਦਸਖਤ ਕਰ ਪਟੀਸ਼ਨ ਪੇਸ਼ ਕੀਤੀ ਗਈ ਸੀ ਜਿਸ ਤੇ ਕੌਂਸਲ ਮੀਟਿੰਗ ਵਿੱਚ ਜ਼ਿਕਰ ਕਰ ਕੇ ਇਸ ਮਤੇ ਤੇ ਬਹਿਸ ਕਰਨ ਤੋਂ ਰੋਕ ਦਿੱਤਾ ਗਿਆ।

ਦਲ ਖਾਲਸਾ ਦੇ ਆਗੂ ਸ ਗੁਰਚਰਨ ਸਿੰਘ ਨੇ ਸਿੱਖ ਨਸਲਕੁਸ਼ੀ ਦੇ ਮਤੇ ਨੂੰ ਰੋਕਣ ਲਈ ਸਥਾਨਕ ਸਿੱਖ ਐਮ ਪੀ ਤਨਮਨਜੀਤ ਸਿੰਘ ਢੇਸੀ ਤੇ ਸਿੱਖ ਜਥੇਬੰਦੀ ਨਾਲ ਮਿਲ ਕੇ ਮਤੇ ਨੂੰ ਰੋਕਣ ਦੇ ਇਲਜ਼ਾਮ ਲਾਏ ਗਏ। ਕੌਂਸਲ ਮੀਟਿੰਗ ਵਿੱਚ ਇੱਕ ਵੀ ਸਿੱਖ ਨੇ ਮਤੇ ਦੇ ਹੱਕ ਵਿੱਚ ਵੋਟ ਨਾ ਪਾ ਕੇ ਸਿੱਖ ਸਿਧਾਂਤਾਂ ਦਾ ਘਾਣ ਕੀਤਾ ਹੈ। ਜ਼ਿਕਰਯੋਗ ਹੈ ਕਿ ਮਤੇ ਦੇ ਵਿਰੋਧ ਵਿੱਚ ਆਏ 57 ਭਾਰਤੀ ਸਿੱਖ ਮੈਂਬਰਾਂ ਵਿੱਚ ਬਹੁਤਾਤ ਸਿੱਖ ਧਾਰਮਿਕ ਸੰਸਥਾ ਦੇ ਸਾਬਕਾ ਪ੍ਰਧਾਨ , ਸਾਬਕਾ ਜਨਰਲ ਸਕੱਤਰ 'ਤੇ ਸਾਬਕਾ ਟਰੱਸਟੀ, ਮੈਂਬਰਾਂ ਵਿੱਚ ਯੋਗ ਭੂਮਿਕਾ ਨਿਭਾਉਂਦੇ ਰਹੇ ਹਨ। ਦੱਸਣਯੋਗ ਹੈ ਕਿ ਵੱਖ ਵੱਖ ਪਾਰਟੀਆਂ ਦੇ ਮੈਂਬਰਾਂ ਨੂੰ ਵਿੱਪ ਜਾਰੀ ਕਰ ਇਸ ਮਤੇ ਵਿਰੁੱਧ ਜਾਣ ਦੀ ਹਦਾਇਤ ਸੀ ਜਦ ਕਿ ਇੱਕ ਕੌਂਸਲਰ ਵੱਲੋਂ ਪਾਰਟੀ ਵਿੱਪ ਜਾਰੀ ਹੋਣ ਦੇ ਬਾਵਜੂਦ ਸਿੱਖਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਗਿਆ। ਇਸ ਮਤੇ ਦੇ ਹੱਕ ਵਿੱਚ ਸਾਰੇ ਕੌਂਸਲਰ ਮੁਸਲਿਮ ਸਨ ਤੇ ਮੌਜੂਦ ਸਿੱਖ ਕੌਂਸਲਰ ਵਿਰੋਧੀ ਬਣ ਗਏ। ਸ਼ੋਸਿਲ ਮੀਡਿਏ ਤੇ ਮਤੇ ਦੇ ਹੱਕ ਤੇ ਵਿਰੋਧ ਵਿੱਚ ਆਏ ਕੌਂਸਲਰਾਂ ਦੀਆਂ ਤਸਵੀਰਾਂ ਵੀਡਿਓ ਲਗਾਤਾਰ ਵਾਇਰਲ ਹੋ ਰਹੀਆਂ ਹਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖ ਜਾਇ ॥

ਦਿਬ-ਦ੍ਰਿਸ਼ਟੀ ਵਿੱਚ ਅੱਠਵੇਂ ਗੁਰੂ ਨਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਜਿਹੀ ਆਤਮ-ਰਸੀ ਸ਼ਖ਼ਸੀਅਤ ਦੇ ਮਾਲਕ ਸਨ, ਕਿ ਉਨ੍ਹਾਂ ਦੇ ਦਰਸਨ-ਦੀਦਾਰੇ ਹਰ ਦਰਸਨ-ਅਭਿਲਾਸੀ ਦੇ ਦੁੱਖਾਂ-ਦਲਿਦਰਾਂ ਦਾ ਨਾਸ ਕਰ ਦਿੰਦੇ ਹਨ। ਸਮਕਾਲੀ ਮਹਾਨ ਵਿਦਵਾਨ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਵਿੱਚ ਗੁਰੂ ਹਰਿਕ੍ਰਿਸਨ ਸਾਹਿਬ ਅਜਿਹੀ ਆਤਮਿਕ ਬੱਲ ਵਾਲੀ ਹਸਤੀ ਦੇ ਮਾਲਕ

**29 ਜੁਲਾਈ ਨੂੰ ਆਗਮਨ ਪੁਰਬ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਸਨ, ਡਰਨਾ ਤੇ ਡਰਾਉਣਾ ਉਨ੍ਹਾਂ ਦੇ ਸੁਭਾਅ ਵਿੱਚ ਹੀ ਨਹੀ ਸੀ। ਸੱਤਵੇਂ ਪਾਤਸਾਤ ਗੁਰੂ ਹਰਿ ਰਾਇ ਸਾਹਿਬ ਜੀ ਆਪਣੇ ਸਪੁੱਤਰ ਰਾਮਰਾਇ ਬਾਰੇ ਸਿੱਖ ਜਗਤ ਨੂੰ ਸੁਚੇਤ ਕਰਦਿਆਂ ਬਚਨ ਕੀਤੇ ਸਨ, ਇਸ ਦੋਖੀ ਦੇ ਦਰਸਨ ਨਾ ਕੀਤੇ ਜਾਣ, ਜਿਸ ਨੇ ਗੁਰੂ ਨਾਨਕ ਸਾਹਿਬ ਜੀ ਦੀ ਪਾਵਨ ਬਾਣੀ ਦਾ ਨਿਰਾਦਰ ਕੀਤਾ ਹੈ, ਪਰ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸਨ ਦੀ ਬਾਲ-ਅਵਸਥਾ ਵਿੱਚ ਹੀ ਆਤਮ-ਬਲ ਅਤੇ ਉਚੇਰੀ ਸੋਚ ਨੂੰ ਦੇਖਦਿਆਂ ਐਲਾਨ ਕਰ ਦਿੱਤਾ, ਜਿਹੜਾ ਗੁਰੂ ਹਰਿਕ੍ਰਿਸਨ ਦੇ ਦਰਸਨ ਕਰੇਗਾ ਜਾਂ ਹਿਰਦੇ ਤੋਂ ਗੁਰੂ ਹਰਿਕ੍ਰਿਸਨ ਦਾ ਧਿਆਨ ਧਰੇਗਾ, ਉਸ ਦੇ ਜਨਮਾਂ-ਜਨਮਾਂਤਰਾਂ ਦੇ ਦੁੱਖ ਦੂਰ ਹੋਣਗੇ ਅਤੇ ਉਸ ਨੂੰ ਗੁਰੂ ਨਾਨਕ ਸਾਹਿਬ ਜੀ ਖੁਸੀ ਨਸੀਬ ਹੋਵੇਗੀ।

ਇਤਿਹਾਸਕ ਜਿਕਰ ਹੈ, ਜਦੋਂ 1661 ਈ: ਨੂੰ ਸੱਤਵੇਂ ਗੁਰੂ ਨਾਨਕ ਗੁਰੂ ਹਰਿ ਰਾਏ ਸਾਹਿਬ ਜੋਤੀ ਜੋਤ ਸਮਾਉਣ ਲੱਗੇ ਤਾਂ ਗੁਰੂ ਹਰਿਕ੍ਰਿਸਨ ਸਾਹਿਬ ਜੀ ਦੀ ਸਰੀਰਕ ਉਮਰ ਕੇਵਲ ਪੰਜ ਵਰ੍ਹਿਆਂ ਦੀ ਸੀ। ਸੱਤਵੇਂ ਪਾਤਸਾਹ ਨੇ ਸ੍ਰੀ ਹਰਿਕ੍ਰਿਸਨ ਜੀ ਦੇ ਸੁਭਾਅ ਭੈਅ ਅਤੇ ਭਰਮ ਤੋਂ ਮੁਕਤੀ ਵਾਲੇ ਗੁਣ ਦੇਖਦਿਆਂ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦਾ ਅੱਠਵਾਂ ਵਾਰਿਸ ਨਿਯੁਕਤ ਕਰਦੇ ਸਮੇਂ ਆਪਣੀ ਜੋਤਿ ਤੇ ਜੁਗਤਿ ਟਿਕਾ ਦਿੱਤੀ। ਪਹਿਲਾਂ ਆਪ ਨੂੰ ਗੁਰੂ ਸਿੰਘਾਸਨ ਉਪਰ ਬਿਠਾਇਆ, ਉਪਰੰਤ ਮੱਥਾ ਟੇਕ ਕੇ ਗੁਰੂ ਰੂਪ ਵਿੱਚ ਪ੍ਰਗਟ ਕਰ ਦਿੱਤਾ। ਇਹ ਵਡਿਆਈ ਤੇ ਵਚਿੱਤਰ ਗੁਣ ਕੇਵਲ ਗੁਰੂ ਹਰਿਕ੍ਰਿਸਨ ਸਾਹਿਬ ਵਿੱਚ ਹੀ ਹੈ ਕਿ ਪੰਜ ਸਾਲ ਦੀ ਬਾਲ ਅਵਸਥਾ ਵਿੱਚ ਹੀ ਗੁਰੂ ਨਾਨਕ ਦੀ ਜੋਤਿ ਦੀ ਦਾਤ ਅਤੇ ਵਡਿਆਈ ਪ੍ਰਾਪਤ ਹੀ ਨਹੀ ਕੀਤੀ, ਸਗੋਂ ਗੁਰਤਾਗੱਦੀ 'ਤੇ ਬਿਰਾਜਦਿਆਂ ਸਿੱਖ ਸੋਚ, ਸਿੱਖ ਫਲਸਫ਼ਾ, ਸਿੱਖ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸਿੱਖ ਸੰਗਤ ਤੇ ਸਿੱਖੀ ਪ੍ਰਚਾਰ ਦੀ ਲਹਿਰ ਨੂੰ ਗੁਰੂ ਵਜੋਂ ਅਗਵਾਈ ਦਿੰਦਿਆਂ, ਗੁਰੂ ਜੋਤਿ ਵਾਲੇ ਮਾਣ ਤੇ ਸਤਿਕਾਰ ਨੂੰ ਕਾਇਮ ਰੱਖਿਆ।

ਇਤਿਹਾਸ ਦੇ ਪੰਨਿਆਂ 'ਤੇ ਇਸ ਗੱਲ ਦਾ ਜਿਕਰ ਵੀ ਮਿਲਦਾ ਹੈ। ਸਮਕਾਲੀ ਸਮਾਜ ਦਾ ਵਿਚਾਰ ਸੀ, ਛੋਟੀ ਅਵਸਥਾ ਦਾ ਬਾਲ ਗੁਰੂ ਕਿਵੇਂ ਹੋ ਸਕਦਾ ਹੈ? ਅਜਿਹੀ ਸੋਚ ਸਮਕਾਲੀ ਲੋਕਾਂ ਦੀ ਸੋਚ ਸੀ ਕਿ ਪੰਜ ਸਾਲ ਦੀ ਉਮਰ ਤਾਂ ਕੇਵਲ ਬਾਲ-ਬੁੱਧੀ ਹੀ ਹੁੰਦੀ ਹੈ। ਅਨੁਭਵ ਜਾਂ ਤਜਰਬਾ ਤਾਂ ਵਡੇਰੀ ਉਮਰ ਦੇ ਲੋਕਾਂ ਕੋਲ ਹੀ ਹੁੰਦਾ ਹੈ। ਇਸ ਉਮਰ ਵਿੱਚ ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ ਨੂੰ ਸਮਝਣਾ ਵੀ ਕਠਿਨ ਹੁੰਦਾ ਹੈ। ਬਾਲ ਉਮਰ ਵਿੱਚ ਤਾਂ ਕੇਵਲ ਸੁਰਤ, ਮਨ, ਬਲ ਦਾ ਵਿਕਾਸ ਹੁੰਦਾ ਹੈ। ਲੋਕ ਭਲਾਈ ਤੇ ਪਰਉਪਕਾਰੀ ਕਾਰਜਾਂ ਨੂੰ ਸਮਝਣਾ ਤੇ ਪਹਿਚਾਨਣਾ ਔਖਾ ਕਾਰਜ ਹੈ। ਪਰ ਜਦੋਂ ਅੱਠਵੇਂ ਪਾਤਸਾਹ ਗੁਰੂ ਹਰਿਕ੍ਰਿਸਨ ਸਾਹਿਬ ਜੀ ਦੇ ਗੁਰਤਾ ਗੱਦੀ ਕਾਲ ਉਤੇ ਝਾਤ ਮਾਰਦੇ ਹਾਂ ਤਾਂ ਪੰਜ ਤੋਂ ਅੱਠ ਸਾਲ ਦੀ ਬਾਲ ਅਵਸਥਾ ਦੇ ਤਿੰਨ ਸਾਲਾਂ ਵਿੱਚ ਜਿਹੜੇ ਕਾਰਜ ਬਾਬਾ ਪ੍ਰੀਤਮ ਗੁਰੂ ਹਰਿਕ੍ਰਿਸਨ ਸਾਹਿਬ ਨੇ ਕੀਤੇ, ਉਹ ਕਿੰਨੇ ਵਿਲੱਖਣ ਅਤੇ ਵਿਸੇਸ ਹਨ।

ਗੁਰੂ ਹਰਿਕ੍ਰਿਸਨ ਸਾਹਿਬ ਨੇ ਗੁਰਤਾ ਗੱਦੀ ਦੇ ਤਿੰਨ ਵਰ੍ਹਿਆਂ ਵਿੱਚ ਗੁਰੂ ਘਰ ਦੀ ਸੇਵਾ ਅਤੇ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਕੇਵਲ ਸਿੱਖ ਸੰਗਤ ਦੀ ਅਗਵਾਈ ਹੀ ਨਹੀਂ ਕੀਤੀ, ਸਗੋਂ ਗੁਰੂ ਨਾਨਕ ਸਾਹਿਬ ਦੇ ਧਰਮ-ਆਦਰਸ਼ਾਂ ਨੂੰ ਕਾਇਮ ਰੱਖਦਿਆਂ ਪ੍ਰਚਾਰ ਤੇ ਪ੍ਰਸਾਰ ਪੂਰੀ ਸਰਗਰਮੀ ਨਾਲ ਕੀਤਾ। ਸਮਾਜਿਕ ਤੇ ਰਾਜਨੀਤਿਕ ਤੌਰ 'ਤੇ ਸਿੱਖ ਸੰਗਤ ਨੂੰ ਆਪਣੇ ਪੁਰਵਜਾਂ ਵਾਂਗ ਹੀ ਜਾਗ੍ਰਿਤ ਕਰਦੇ ਰਹੇ। ਜਦੋਂ ਸਮਕਾਲੀ ਬਾਦਸਾਹ ਔਰੰਗਜੇਬ ਨੇ ਆਪਣੇ ਦਰਬਾਰ ਵਿੱਚ ਬੁਲਾਇਆ ਤਾਂ ਉਸ ਦੀ ਕੂਟਨੀਤੀ ਨੂੰ ਸਮਝਦਿਆਂ ਦਰਸਨ-ਦੀਦਾਰੇ ਦੇਣ ਤੋਂ ਨਾਂਹ ਕਰਦਿਆਂ ਉਸ ਨੂੰ ਅਤਿਆਚਾਰੀ ਤੇ ਜਾਲਮ ਕਹਿ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ।

ਆਪਣੀ ਬਿਬੇਕ ਬੁੱਧੀ ਅਤੇ ਜਾਗਤਿ-ਜੋਤ ਦਾ ਪ੍ਰਮਾਣ ਦਿੰਦਿਆਂ ਆਪਣੇ ਜੋਤਿ-ਜੋਤ ਸਮਾਉਣ ਸਮੇਂ ਬਾਬਾ-ਬੁਕਾਲੇ ਦਾ ਸੰਕੇਤ ਦੇ ਕੇ ਆਪਣੀ ਸਿਆਣਪ, ਤੀਖਣ ਬੁੱਧੀ ਅਤੇ ਦੂਰ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੀ ਨੌਵੀਂ ਜੋਤਿ ਦਾ ਐਲਾਨ ਕਰ ਦਿੱਤਾ। ਆਪ ਜੀ ਆਪਣੇ ਥੋੜ੍ਹੇ ਸਮੇਂ ਦੇ ਗੁਰੂ ਕਾਲ ਦੌਰਾਨ ਗੁਰੂ ਘਰ ਦੇ ਦੋਖੀਆਂ, ਦਾਅਵੇਦਾਰਾਂ, ਨਿੰਦਕਾਂ ਵਜੋਂ ਵਿਚਰ ਰਹੇ ਧੀਰਮੱਲੀਆਂ, ਸੋਢੀਆਂ, ਰਾਮਰਾਈਆਂ ਤੇ ਸ਼ਾਹੀ ਦਾਅਵੇਦਾਰਾਂ ਦੀਆਂ ਕੋਝੀਆਂ ਕੂਟਨੀਤਿਕ ਚਾਲਾਂ ਨੂੰ ਸਮਝ ਕੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਵਿਚਰੇ। ਸ੍ਰੀ ਗੁਰੂ ਹਰਿਕ੍ਰਿਸਨ ਸਾਹਿਬ ਆਗਮਨ ਅੱਜ ਦੇ ਦਿਨ 1656 ਈ: ਵਿੱਚ ਹੋਇਆ। ਆਪ ਜੀ ਕੀਰਤਪੁਰ ਸਾਹਿਬ ਦੀ ਪਾਵਨ ਧਰਤੀ ਉਪਰ ਪਿਤਾ ਗੁਰੂ ਹਰਿ ਰਾਇ ਸਾਹਿਬ ਅਤੇ ਮਾਤਾ ਕ੍ਰਿਸਨ ਕੌਰ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਕੀਰਤਪੁਰ ਸਾਹਿਬ ਵਿੱਚ ਗੁਰੂ ਪਿਤਾ ਗੁਰੂ ਹਰਿ ਰਾਇ ਸਾਹਿਬ ਦੇ



ਦਰਬਾਰ ਵਿੱਚ ਹਰ ਰੋਜ ਅੰਮ੍ਰਿਤ ਵੇਲੇ ਤੇ ਸੰਧਿਆ ਸਮੇਂ ਹੋਣ ਵਾਲੇ ਗੁਰੂ-ਕੀਰਤੀ ਸਮਾਗਮਾਂ ਸਮੇਂ ਆਪ ਜੀ ਸੰਗਤੀ ਰੂਪ ਵਿੱਚ ਸਾਮਿਲ ਹੋ ਕੇ ਗੁਰੂ ਮਹਿਮਾਂ ਦੇ ਕਾਰਜ ਕਰਦੇ ਸਨ।

ਅਸਲ ਵਿੱਚ ਪ੍ਰਭੂ ਦਾ ਗਿਆਨ ਭਾਵ ਬ੍ਰਹਮ ਗਿਆਨ ਦੀ ਕੋਈ ਅਵਸਥਾ ਨਹੀਂ। ਵੱਡੀ ਉਮਰ ਜਾਂ ਬਾਲ ਅਵਸਥਾ ਨਾਲ ਇਸ ਗੱਲ ਦਾ ਕੋਈ ਸਬੰਧ ਨਹੀਂ। ਬਾਬਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸਨ ਸਾਹਿਬ ਬਚਪਨ ਵਿੱਚ ਹੀ ਵਿਕਾਰਾਂ ਤੋਂ ਰਹਿਤ ਸਨ। ਲਾਲਚ, ਕ੍ਰੋਧ, ਧੋਖਾ, ਕਪਟ, ਦੁਬਿਧਾ ਵਰਗੇ ਔਗੁਣ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀ ਸਨ ਆਉਂਦੇ। ਬਾਲ ਅਵਸਥਾ ਵਿੱਚ ਹੀ ਉਨ੍ਹਾਂ ਦੇ ਅਨੁਭਵ ਅਤੇ ਬ੍ਰਹਮ-ਗਿਆਨ ਦੀ ਅਵਸਥਾ ਵੱਡੇ-ਵੱਡੇ ਜਪੀਆਂ, ਤਪੀਆਂ ਨੂੰ ਮਾਤ ਪਾਉਂਦੀ ਸੀ। ਹਿਰਦੇ ਦੀ ਕੋਮਲਤਾ, ਪਰਉਪਕਾਰ ਵਾਲੀ ਬਿਰਤੀ, ਨਿਮਰਤਾ, ਨਿਰਛਲਤਾ ਤੇ ਨਿਆਂ ਦੇਣ ਵਾਲੇ ਵੱਡੇ ਗੁਣ ਉਨ੍ਹਾਂ ਦੀ ਸਖਸੀਅਤ ਦੇ ਉਭਰਵੇਂ ਗੁਣ ਸਨ। ਦੋ ਵੱਡੇ ਗੁਣ ਕਿਸੇ ਰੱਬੀ-ਰੂਹ ਨੂੰ ਵੱਡਾ ਬਣਾਉਂਦੇ ਹਨ-ਪਹਿਲਾ ਗੁਣ ਬ੍ਰਹਮ-ਗਿਆਨ ਤੇ ਦੂਜਾ ਆਤਮਿਕ ਬਲ। ਇਹ ਦੋਵੇਂ ਗੁਣ ਬਾਬਾ ਪ੍ਰੀਤਮ ਦੀ ਬਾਲ-ਸਖਸੀਅਤ ਦੇ ਸਿੰਗਾਰ ਸਨ। ਗੁਰੂ ਪਰੰਪਰਾ ਮੁਤਾਬਿਕ ਹਰ ਸੰਕੇ ਦੀ ਨਵਿਰਤੀ ਗਿਆਨ ਨਾਲ ਹੋ ਸਕਦੀ ਹੈ। ਸਾਰੇ ਗੁਰੂ ਸਾਹਿਬਾਨ ਨੇ ਹਰ ਕਠਿਨ ਪ੍ਰਸਨ ਦਾ ਸਮਾਧਾਨ ਤਰਕ ਤੇ ਪਿਆਰ ਨਾਲ ਕੀਤਾ। ਪੰਜੋਖਰਾ ਸਾਹਿਬ ਦੀ ਸਾਖੀ ਮੁਤਾਬਿਕ ਹੰਕਾਰੀ ਪੰਡਿਤ ਲਾਲ ਚੰਦ ਦੇ ਸਵਾਲ ਦਾ ਸਮਾਧਾਨ ਅਨਪੜ੍ਹ ਅਤੇ ਗੂੰਗੇ ਛੱਜੂ ਦੇ ਸਿਰ ਉਤੇ ਸਮਰੱਥ ਗੁਰੂ ਹਰਿਕ੍ਰਿਸਨ ਸਾਹਿਬ ਨੇ ਹੱਥ ਰੱਖਦਿਆਂ ਆਪਣੇ ਆਤਮਿਕ ਬਲ ਦੇ ਪ੍ਰਗਟਾਵੇ ਨਾਲ ਕੀਤਾ। ਰਾਜਾ ਜੈ ਸਿੰਘ ਦੇ ਬੰਗਲੇ (ਬੰਗਲਾ ਸਾਹਿਬ) ਪਟਰਾਣੀ ਦੀ ਪਛਾਣ ਦਾ ਸੱਚ ਵੀ ਆਪਣੀ ਸਮਰੱਥਾ ਨਾਲ ਕੀਤਾ।

ਸ੍ਰੀ ਗੁਰੂ ਹਰਿਕ੍ਰਿਸਨ ਸਾਹਿਬ ਨੇ ਜਿਹੜਾ ਪ੍ਰਚਾਰ ਤੇ ਪ੍ਰਸਾਰ ਪੰਜ ਤੋਂ ਅੱਠ ਸਾਲ ਦੀ ਸਰੀਰਕ ਅਵਸਥਾ ਵਿੱਚ ਕੀਤਾ, ਅਜਿਹਾ ਹੀ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਗੁਰੂ ਨਾਨਕ ਸਾਹਿਬ ਦੀ ਜੋਤਿ ਸ੍ਰੀ ਗੁਰੂ ਅਮਰਦਾਸ ਜੀ (ਤੀਜੇ ਸਤਿਗੁਰੂ) ਨੇ 96 ਸਾਲ ਦੀ ਸਰੀਰਕ ਅਵਸਥਾ ਵਿੱਚ ਕੀਤਾ। ਕਿਉਂਕਿ ਦੋਵੇਂ ਗੁਰੂ ਸਾਹਿਬਾਨ ਦੀ ਜੋਤਿ ਅਤੇ ਜੁਗਤਿ ਇਕੋ ਜਿਹੀ ਸੀ। ਸ੍ਰੀ ਗੁਰੂ ਹਰਿਕ੍ਰਿਸਨ ਸਾਹਿਬ ਨੇ ਆਪਣੇ ਤੋਂ ਪਹਿਲਾਂ ਸਾਰੀਆਂ ਗੁਰੂ ਜੋਤਾਂ ਵੱਲੋਂ ਪਾਏ ਪੂਰਨਿਆਂ 'ਤੇ ਚੱਲਦਿਆਂ, ਉਦੇਸਾਂ ਤੇ ਆਦਰਸਾਂ ਦੀ ਪੂਰਤੀ ਲਈ ਨਿਰਵੈਰਤਾ ਅਤੇ ਨਿਰਭੈਤਾ ਨਾਲ ਪਹਿਰਾ ਦਿੱਤਾ। ਛੋਟੀ ਅਵਸਥਾ ਵਿੱਚ ਸਿੱਖ ਫਲਸਫ਼ੇ ਤੇ ਸਿਧਾਂਤਾਂ ਦਾ ਪ੍ਰਚਾਰ ਕਰਦਿਆਂ ਬ੍ਰਹਮ-ਗਿਆਨ ਤੇ ਆਤਮਿਕ ਬਲ ਦਾ ਅਜਿਹਾ ਪ੍ਰਗਟਾਵਾ ਕੀਤਾ, ਜਿਸ ਤੋਂ ਪ੍ਰਭਾਵਿਤ ਹੋ ਕੇ ਰਾਜਾ ਜੈ ਸਿੰਘ ਨੇ ਸਰਧਾ ਤੇ ਪਿਆਰ ਦੀ ਮੂਰਤੀ ਬਣ ਕੇ ਆਪਣਾ ਰਿਹਾਇਸੀ ਅਸਥਾਨ ਵੀ ਸਤਿਗੁਰੂ ਨੂੰ ਸਮਰਪਿਤ ਕਰ ਦਿੱਤਾ। ਜਿਸ ਨੂੰ ਪਹਿਲਾਂ ਸਰਦਾਰ ਬਘੇਲ ਸਿੰਘ ਤੇ ਪਿਛੋਂ ਸਿੱਖ ਸੰਗਤਾਂ ਨੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੇ ਰੂਪ ਵਿੱਚ ਸੰਭਾਲਿਆ, ਗੁਰੂ ਹਰਿਕ੍ਰਿਸਨ ਸਾਹਿਬ 1664 ਈ: ਵਿੱਚ ਜੋਤੀ ਜੋਤਿ ਸਮਾ ਗਏ। ਦੁੱਖਾਂ ਤੇ ਰੋਗਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਅੱਜ ਲੱਖਾਂ ਸਿੱਖ ਸੰਗਤ ਗੁਰੂ ਹਰਿਕ੍ਰਿਸਨ ਸਾਹਿਬ ਨੂੰ ਨਤਮਸਤਕ ਹੁੰਦੀ ਹੈ।

ਫੋਨ: 98143-24040



## ਜਨਮ ਦਿਨ ਮੁਬਾਰਕ



**ਅੰਮ੍ਰਿਤਪਾਲ ਸਿੰਘ**
ਪਿਤਾ : ਭਾਈ ਜਗਦੀਸ ਸਿੰਘ ਵੈਦ
ਮਾਤਾ : ਲਖਵਿੰਦਰ ਕੌਰ
ਵਾਸੀ ਮਹਿਤਾ

ਆਵਾਜ਼ਿ ਕੌਮ AWAZE QAUM
International Newspaper & WEB TV

**ਬਾਪੂ ਜੋਗਿੰਦਰ ਸਿੰਘ ਜੀ, ਭਾਈ ਲਖਬੀਰ ਸਿੰਘ ਰੋਡੇ, ਭਾਈ ਹਰਮਿੰਦਰ ਸਿੰਘ ਸੰਧੂ ਵਾਂਗੂੰ ਹੋਰ ਸੰਘਰਸ਼ੀ ਸਿੰਘਾਂ ਦੀਆਂ ਤਸਵੀਰਾਂ ਵੀ**

# ਸਿੱਖ ਅਜਾਇਬ ਘਰ ਵਿੱਚ ਲੱਗਣੀਆਂ ਚਾਹੀਦੀਆਂ ਹਨ

**ਬਾਪੂ ਜੋਗਿੰਦਰ ਸਿੰਘ ਜੀ, ਭਾਈ ਲਖਬੀਰ ਸਿੰਘ ਰੋਡੇ, ਭਾਈ ਹਰਮਿੰਦਰ ਸਿੰਘ ਸੰਧੂ ਵਾਂਗੂੰ ਹੋਰ ਸੰਘਰਸ਼ੀ ਸਿੰਘਾਂ ਦੀਆਂ ਤਸਵੀਰਾਂ ਵੀ ਸਿੱਖ ਅਜਾਇਬ ਘਰ ਵਿੱਚ ਲੱਗਣੀਆਂ ਚਾਹੀਦੀਆਂ ਹਨ। ਜਿਨ੍ਹਾਂ ਨੇ ਬਾਬਾ ਬੋਹੜ ਵਾਂਗ ਸਿੱਖ ਸੰਘਰਸ਼ ਨੂੰ ਆਖ਼ਰੀ ਦਮਾਂ ਤੱਕ ਸੰਭਾਲਿਆ। ਅਜਾਇਬ ਘਰ ਵਿੱਚ ਓਹਨਾਂ ਦੀਆਂ ਤਸਵੀਰਾਂ ਨੂੰ ਕਿਉਂ ਅਣਗੌਲਿਆਂ ਕੀਤਾ ਜਾ ਰਿਹਾ ਹੈ।**
**-ਭਾਈ ਭਿਓਰਾ**

ਭਾਈ ਭਿਓਰੇ ਨੇ ਕਿਹਾ ਕਿ ਭਾਈ ਹਰਮਿੰਦਰ ਸਿੰਘ ਸੰਧੂ ਰੋਸ਼ਨ ਦਿਮਾਗ ਸੀ। ਇਸ ਵਿੱਚ ਰੱਤਾ ਭਰ ਵੀ ਸ਼ਕ ਨਹੀਂ ਹੈ। ਕਿਹਾ ਜਾਂਦਾ ਹੈ ਕਿ ਮਾਨਾਂਵਾਲਾ ਕਾਂਡ ਵਿੱਚ ਭਾਈ ਸੰਧੂ ਨੇ ਮੁਖ਼ਬਰੀ ਕੀਤੀ ਸੀ। ਜਿਸ ਵਿੱਚ ਗੱਡੀ ਚਲਾ ਰਹੇ ਇਕ ਸਿੰਘ ਦੀ ਮੌਤ ਹੋ ਗਈ ਸੀ ਲੇਕਿਨ ਮਾਨਾਂਵਾਲਾ ਕਾਂਡ ਚ ਜ਼ਖ਼ਮੀ ਹੋਏ ਸਾਰੇ ਸਿੰਘਾਂ ਦਾ ਇਹੋ ਕਹਿਣਾਂ ਸੀ ਕਿ ਸਾਡੇ ਮਾਨਾਂਵਾਲਾ ਜਾਣ ਦੀ ਭਾਈ ਸੰਧੂ ਨੂੰ ਕੋਈ ਜਾਣਕਾਰੀ ਨਹੀਂ ਸੀ। ਇਥੋਂ ਤੱਕ ਕਿ ਮਾਨਾਂਵਾਲਾ ਕਾਂਡ ਚ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਭਾਈ ਅਨੋਖ ਸਿੰਘ ਉਬੋਕੇ ਦਾ ਭਾਈ ਸੰਧੂ ਨਾਲ ਬਹੁਤ ਪਿਆਰ ਸੀ। ਇਹ ਸਭ ਕੁੱਝ ਅੰਮ੍ਰਿਤਸਰ ਗੁਮਟਾਲਾ ਜੇਲ੍ਹ ਮੈਂ ਅਪਣੀ ਅਖੀਂ ਵੇਖਿਆ ਹੈ। ਵੀਹਵੀਂ ਸਦੀ ਦੇ ਮਹਾਨ ਜਰਨੈਲ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਵੀ ਕਿਹਾ ਸੀ ਕਿ ਜੇ ਸੰਧੂ ਗ.ਦਾਰ ਹੈ ਤਾਂ ਮੈਂ ਵੀ ਗਦਾਰ ਹਾਂ। ਫਿਰ ਭਾਈ ਸੰਧੂ ਦੀ ਹਜੇ ਤੱਕ ਸਿੱਖ ਅਜਾਇਬ ਘਰ ਵਿੱਚ ਤਸਵੀਰ ਸ਼ਸ਼ੋਬਿਤ ਕਿਉਂ ਨਹੀਂ ਕੀਤੀ ਗਈ। ਇਸ ਗਲੋਂ ਸਾਡੀ ਨਰਾਜ਼ਗੀ ਭਾਈ ਸੰਧੂ ਦੇ ਨਜ਼ਦੀਕੀ ਸਾਥੀਆਂ ਨਾਲ ਵੀ ਹੈ ਜਿਹੜੇ ਹਜੇ ਤੱਕ ਭਾਈ ਸੰਧੂ ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਨਹੀਂ ਲਗਵਾ ਸਕੇ।





ਭਾਈ ਭਿਓਰੇ ਨੇ ਕਿਹਾ ਕਿ ਮੌਜੂਦਾ ਸੰਘਰਸ਼ ਦੇ ਓਹਨਾਂ ਜੋਧਿਆਂ ਦਾ ਸਤਿਕਾਰ ਹੋਣਾਂ ਚਾਹੀਦਾ ਹੈ ਜਿਨ੍ਹਾਂ ਨੇ ਸੰਤ ਭਿੰਡਰਾਂਵਾਲਿਆਂ ਦੇ ਬਚਨਾਂ ਤੇ ਪਹਿਰਾ ਦਿੰਦਿਆਂ ਹੋਇਆਂ ਆਪਣਾ ਆਪ ਕੁਰਬਾਨ ਕੀਤਾ। ਜਿਨ੍ਹਾਂ ਨੇ ਆਪਣੀਆਂ ਨੀਜੀ ਕਿੜਾਂ ਕੱਢਦੇ ਹੋਏ ਭਰਾ ਮਾਰੂ ਜੰਗ ਵਿੱਚ ਧੋਖੇ ਨਾਲ ਸੰਘਰਸ਼ੀ ਸਿੰਘਾਂ ਦਾ ਨੁਕਸਾਨ ਕੀਤਾ ਅਤੇ ਆਪਣੇ ਆਪ ਨੂੰ ਪੰਥਕ ਅਖਵਾਉਂਦੇ ਹੋਏ ਕਾਂਗਰਸੀ ਏਜੰਟਾਂ ਦੇ ਰੂਪ ਚ ਕੰਮ ਕਰਦੇ ਹੋਏ ਸਿੱਖ ਸੰਘਰਸ਼ ਨੂੰ ਢਾਹ ਲਾਈ ਓਹਨਾਂ ਦੇ ਕਾਲੇ ਕਾਰਨਾਮਿਆਂ ਨੂੰ ਉਜ਼ਾਗਰ ਕਰਕੇ ਸਿੱਖ ਸੰਗਤਾਂ ਸਾਹਮਣੇ ਲਿਆਉਣਾਂ ਚਾਹੀਦਾ ਹੈ। ਭਾਈ ਹਰਮਿੰਦਰ ਸਿੰਘ ਸੰਧੂ ਕੌਮੀਂ ਸੰਘਰਸ਼ ਨਾਲ ਜੁੜਿਆ ਹੋਇਆ ਸੀ। ਸਰਕਾਰ ਵਲੋਂ ਭਾਈ ਸੰਧੂ ਨੂੰ ਵੱਡੇ - ਵੱਡੇ ਆਫਰ ਮਿਲੇ ਸੀ ਲੇਕਿਨ ਓਹਨਾਂ ਨੇ ਇਹਨਾਂ ਆਫ਼ਰਾ ਨੂੰ ਜੁੱਤੀ ਦੀ ਨੋਕ ਨਾਲ ਠੋਕਰ ਮਾਰੀ ਸੀ। ਖਾਲਸਾ ਪੰਚਾਇਤ ਬਾਰੇ ਓਹਨਾਂ ਦੀ ਸੋਚ ਖਾਲਸਾ ਰਾਜ ਤੋਂ ਘੱਟ ਨਹੀਂ ਸੀ। ਇਸੀ ਕਰਕੇ ਓਹਨਾਂ ਨੂੰ ਰੋਸ਼ਨ ਦਿਮਾਗ ਵਜੋਂ ਸਨਮਾਨਿਤ ਕੀਤਾ ਗਿਆ ਹੈ। ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਭਾਈ ਸੰਧੂ ਦਾ ਕਤਲ ਆਪਣਿਆਂ ਨੇ ਹੀ ਕੀਤਾ ਹੈ। ਜੇ ਇਸ ਕਤਲ ਵਿੱਚ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੇ ਬੇਟੇ ਮਨਜੀਤ ਸਿੰਘ ਜਰਨਲ ਲਾਭ ਸਿੰਘ ਪਰਮਜੀਤ ਸਿੰਘ ਪੰਜਵੜ ਬਲਵਿੰਦਰ ਸਿੰਘ ਖੋਜਕੀਪੁਰ ਧੰਨਾ ਸਿੰਘ ਬਹਾਦੁਰ ਪੁਰੀਆ ਭੂਪਿੰਦਰ ਸਿੰਘ ਰਈਆ ਦੇ ਨਾਂ ਆ ਰਹੇ ਹਨ ਤਾਂ ਇਸ ਬਾਰੇ ਸੰਘਰਸ਼ੀ ਸਿੰਘਾਂ ਦੀ ਇਕੱਤਰਤਾ ਹੋਣੀ ਚਾਹੀਦੀ ਹੈ। ਯਾਦ ਰਹੇ ਮੌਜੂਦਾ ਸਿੱਖ ਸੰਘਰਸ਼ ਦਾ ਇਤਿਹਾਸ ਵੀ ਲਿਖਿਆ ਜਾ ਰਿਹਾ ਹੈ। ਆਉਂਣ ਵਾਲੀ ਸਿੱਖ ਪੀੜ੍ਹੀ ਨੇ ਇਸ ਉਪਰ ਵਿਸ਼ਲੇਸ਼ਣ ਵੀ ਕਰਨਾਂ ਹੈ। ਇਸ ਲਈ ( ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ) ਦੇ ਸਿਧਾਂਤ ਉਪਰ ਪਹਿਰਾ ਦਿੰਦਿਆਂ ਸਾਨੂੰ ਸੰਤ ਭਿੰਡਰਾਂਵਾਲਿਆਂ ਦੇ ਅਤਿ ਨਜ਼ਦੀਕੀ ਸਾਥੀ ਭਾਈ ਹਰਮਿੰਦਰ ਸਿੰਘ ਸੰਧੂ ਦਾ ਕਤਲ ਕਿਉਂ ਅਤੇ ਕਿਸ ਨੇ ਕਰਵਾਇਆ ਬਾਰੇ ਸੱਚ ਹਰ ਹੀਲੇ ਸਿੱਖ ਸੰਗਤਾਂ ਸਾਹਮਣੇ ਆਉਣਾਂ ਚਾਹੀਦਾ ਹੈ। ਅਸੀਂ ਹੀ ਨਹੀਂ ਸਿੱਖ ਸੰਘਰਸ਼ ਨਾਲ ਜੁੜਿਆ ਹਰ ਕੋਈ ਚਾਹੁੰਦਾ ਹਾਂ ਕਿ ਇਸ ਬਾਰੇ ਖ਼ੁਲਾਸਾ ਹੋਵੇ ਕਿ ਭਾਈ ਸੰਧੂ ਨੂੰ ਕਿਹੜੀ ਗਲੋਂ ਮਾਰਿਆ ਗਿਆ ਸੀ। ਇਸ ਬਾਬਤ ਭਾਈ ਸੰਧੂ ਦੇ ਭਰਾਤਾ ਭਾਈ ਉਪਕਾਰ ਸਿੰਘ ਸੰਧੂ ਜੀ ਵਲੋਂ ਸੰਬਧਿਤ ਵਿਅਕਤੀਆਂ ਤੇ ਲਗਾਏ ਜਾ ਰਹੇ ਇਲਜ਼ਾਮਾਂ ਨੂੰ ਗੰਭੀਰਤਾ ਨਾਲ ਲੈਣਾਂ ਚਾਹੀਦਾ ਹੈ। ਅਸੀਂ ਭਾਈ ਸੰਧੂ ਦੇ ਭਰਾਤਾ ਭਾਈ ਉਪਕਾਰ ਸਿੰਘ ਸੰਧੂ ਨੂੰ ਕਹਿਣਾ ਚਾਹੁੰਦੇ ਹਾਂ ਕਿ ਸ਼ਹੀਦ ਭਾਈ ਸੰਧੂ ਦੇ ਸਾਥਿਆਂ ਨਾਲ ਰਾਬਤਾ ਕਾਇਮ ਕਰਣ ਅਤੇ ਜਿਨ੍ਹਾਂ ਉਪਰ ਤੁਸੀਂ ਇਲਜ਼ਾਮ ਲਗਾ ਰਹੇ ਹੋ ਉਹਨਾਂ ਨਾਲ ਸੰਬੰਧਿਤ ਵਿਅਕਤੀਆਂ ਨੂੰ ਵੀ ਅਕਾਲ ਤਖ਼ਤ ਸਾਹਿਬ ਤੇ ਸਦਾ ਦੇਂਣ ਅਤੇ ਬਿਨ੍ਹਾਂ ਰੌਲਾ ਰੱਪਾ ਪਾਏ ਬੜੀ ਹਲੀਮੀ ਨਾਲ ਇਕ ਦੂਜੇ ਪ੍ਰਤੀ ਸਤਿਕਾਰਿਤ ਭਾਸ਼ਾ ਦਾ ਇਸਤੇਮਾਲ ਕਰਦਿਆਂ ਸੱਚ ਸਾਹਮਣੇ ਲਿਆਂਦਾ ਜਾਵੇ। ਸਭ ਤੋਂ ਪਹਿਲਾਂ ਤੇ ਮਹਤਵਪੂਰਣ ਪ੍ਰਸ਼ਨ ਇਹੋ ਹੋਣਾਂ ਚਾਹੀਦਾ ਹੈ ਕਿ ਭਾਈ ਸੰਧੂ ਨੂੰ ਕਿਉਂ ਅਤੇ ਕਿਸ ਦੇ ਕਹਿਣ ਤੇ ਮਾਰਿਆ ਗਿਆ ਸੀ। ਮੇਰੇ ਖਿਆਲ ਨਾਲ ਇਸੇ ਵਿੱਚ ਹੀ ਸੱਚ ਝੂਠ ਦਾ ਨਿਬੇੜਾ ਹੋ ਜਾਵੇਗਾ। ਦਾਸ ਦੀ ਭਾਈ ਤੇਜਿੰਦਰ ਪਾਲ ਸਿੰਘ ਟਿੱਮਾਂ ਨਾਲ ਵੀ ਗੱਲ ਹੋਈ ਸੀ ਉਹਨਾਂ ਕਿਹਾ ਅਸੀਂ ਇਸ ਬਾਬਤ ਸਿੱਖ ਸੰਗਤਾਂ ਵਿੱਚ ਬੈਠ ਕੇ ਗੱਲ ਕਰਨ ਨੂੰ ਤਿਆਰ ਹਾਂ। ਭਾਈ ਭਿਓਰੇ ਨੇ ਕਿਹਾ ਕਿ ਸਿੱਖ ਸੰਘਰਸ਼ ਨਾਲ ਜੁੜਿਆ ਹਰ ਵਿਅਕਤੀ ਸਤਿਕਾਰ ਯੋਗ ਹੈ। ਅਸੀਂ ਕਿਸੇ ਵੀ ਸਿੰਘ ਦੀ ਅਜਾਇਬ ਘਰ ਵਿੱਚ ਫੋਟੋ ਲਾਉਣ ਦੇ ਵਿਰੁੱਧ ਨਹੀਂ ਹਾਂ। ਸਾਡੀ ਬਸ ਇਹੋ ਮੰਗ ਹੈ ਕਿ ਜਦੋਂ ਤੱਕ ਭਾਈ ਸੰਧੂ ਦੇ ਹੋਏ ਕਤਲ ਵਿੱਚ ਸੰਬਧਿਤ ਵਿਅਕਤੀਆਂ ਦੇ ਰੋਲ ਬਾਰੇ ਸੰਗਤੀ ਰੂਪ ਚ ਕੋਈ ਫ਼ੈਸਲਾ ਨਹੀਂ ਹੋ ਜਾਂਦਾ ਓਦੋਂ ਤੱਕ ਉਹਨਾਂ ਦੀ ਤਸਵੀਰ ਅਜਾਇਬ ਘਰ ਵਿੱਚ ਨਹੀਂ ਲਗਣੀ ਚਾਹੀਦੀ। ਭਾਈ ਭਿਓਰੇ ਨੇ ਕਿਹਾ ਕਿ ਭਾਈ ਦਲਜੀਤ ਸਿੰਘ ਬਿੱਟੂ ਸਿੱਖ ਸੰਘਰਸ਼ ਦੀ ਸਤਿਕਾਰ ਯੋਗ ਹਸਤੀ ਹਨ। ਸਿੱਖ ਸੰਘਰਸ਼ ਦਾ ਕੋਈ ਪਹਿਲੂ ਉਹਨਾਂ ਤੋਂ ਲੁਕਿਆ ਨਹੀਂ ਹੈ। ਸਾਡੀ ਓਹਨਾਂ ਨੂੰ ਬੇਨਤੀ ਹੈ ਕਿ ਭਾਈ ਹਰਮਿੰਦਰ ਸਿੰਘ ਸੰਧੂ ਦੇ ਕਤਲ ਬਾਰੇ ਓਹਨਾਂ ਕੋਲ ਜੋ ਵੀ ਜਾਣਕਾਰੀ ਹੈ ਉਸ ਨੂੰ ਸਿੱਖ ਪੰਥ ਸਾਹਮਣੇ ਲੈ ਕੇ ਆਉਣ। ਜਿਸ ਨਾਲ ਸਿੱਖ ਇਤਿਹਾਸ ਦੇ ਪੰਨਿਆਂ ਤੇ ਸਹੀ ਜਾਣਕਾਰੀ ਉਲੀਕੀ ਜਾ ਸਕੇ।

**-ਅਵਤਾਰ ਸਿੰਘ ਭਿਓਰਾ**
**ਮੋ. ਨੰ. 7065379792**

## ਉੱਘੇ ਸਿੱਖ ਚਿੰਤਕ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਗੁਰੂ ਕ੍ਰਿਪਾ ਨਿਸ਼ਕਾਮ ਸੇਵਾ ਸੁਸਾਇਟੀ ਰਾਮਾਂ ਮੰਡੀ ਜਲੰਧਰ ਵੱਲੋਂ

# ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਦਾ ਸਨਮਾਨ



ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਨਵਨਿਯੁਕਤ ਸਤਿਕਾਰਤ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੂੰ ਉੱਘੇ ਸਿੱਖ ਚਿੰਤਕ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਗੁਰੂ ਕ੍ਰਿਪਾ ਨਿਸ਼ਕਾਮ ਸੇਵਾ ਸੁਸਾਇਟੀ ਰਾਮਾਂ ਮੰਡੀ ਜਲੰਧਰ ਵੱਲੋਂ ਸਿਰੋਪਾ ਭੇਂਟ ਕਰਕੇ ਸਤਿਕਾਰ ਦਿੰਦੇ ਹੋਏ। ਉਨ੍ਹਾਂ ਦੇ ਨਾਲ ਅਮਰਜੀਤ ਸਿੰਘ ਅਰੋੜਾ, ਹਰਮੋਹਨ ਸਿੰਘ ਮਿਨਹਾਸ, ਸ. ਵਿੰਦਰ ਸਿੰਘ ਤਾਂਬੜ ਵੀ ਨਜ਼ਰ ਆ ਰਹੇ ਹਨ। **(ਫੋਟੋ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ, ਯੂ. ਕੇ.)**

## ‘ਮਿੱਟੀ’



**ਪਰਮਿੰਦਰ ਸਿੰਘ ਬੱਲ**
**ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.**
**Email:psbal46@gmail.com**

ਜਦ ਕਹੀਏ ‘ਵਤਨ’ ਦੀ ਮਿੱਟੀ।
ਕੋਈ ਆਖੇ ‘ਪਤਨ’ ਦੀ ਮਿੱਟੀ।
ਮਿੱਟੀ-ਮਿੱਟੀ ਰੰਗ, ਉਹੀ ਹੁੰਦਾ,
ਮੰਨੇ ਇਸ ਨੂੰ ਆਪਣੀ ਮਿੱਟੀ,
ਭਾਂਡੇ, ਘੜਤਾਂ, ਮਹਿਲ ਦੀ ਮਿੱਟੀ।
ਸੁਪਨੇ ਜਿਹੇ ਸੰਸਾਰ ਦੀ ਮਿੱਟੀ।
ਇਸ ਮਿੱਟੀ ਦਾ ਨਾਮ ਨਾ ਕੋਈ,
ਫਿਰ ਭੀ ਇਸ ਦਾ ਦਾਮ ਨਾ ਕੋਈ।
ਮਿੱਟੀ ਦਾ ਕੋਈ ਦੇਸ਼ ਨਹੀਂ ਹੈ,
ਇਸ ਨੂੰ ਕੋਈ ਪ੍ਰਦੇਸ ਨਹੀ ਹੈ।
ਮਿੱਟੀ ਦੀ ਇਕ ਕੰਧ ਬਣਾਈ,
ਪੂਰਬ-ਪੱਛਮ ਜਰਮਨ ਕਹਾਈ।
ਨਫ਼ਰਤ ਦੀ ਇਹ ਕੰਧ ਪੁਕਾਰੇ,
ਮਿੱਟੀ ਦਸਦੀ ਆਪਣੇ ਕਾਰੇ।
ਰੋਹ ਚੜ੍ਹਿਆ ਜਾਂ ਬੱਬਰ ਸ਼ੇਰਾਂ,
ਨਫ਼ਰਤ ਹੋ ਗਈ ਢੇਰਾਂ - ਢੇਰਾਂ।
ਪੰਜਾਬੀ ਮਿੱਟੀ ‘ਵਾਹਗੇ’ ਦੀ ਮਿੱਟੀ,
ਦੋ ਮਾਂਵਾਂ ਦੇ ਲਾਂਗੇ ਦੀ ਮਿੱਟੀ।
ਇਹ ਮਿੱਟੀ ਕਰੇ ਪੁਕਾਰ ਅੱਜ,
ਉਠੋ, ਸਾਂਭੋ, ਰੱਖੋ ਮੇਰੀ ਲੱਜ।
ਦੁਨੀਆਂ ਦੀ ‘ਗਲੋਬ’ ਕਹਾਣੀ,
ਮਿੱਟੀ ਵਿੱਚ ਇਹ ਦੋ ਬੁੱਕ ਪਾਣੀ।
ਇਸ ਪਾਣੀ ਨੂੰ ‘ਸਾਗਰ’ ਕਹਿੰਦੇ,
ਮਿੱਟੀ ਹੈ ਤਾਂ ਇਹ ਵੀ ਰਹਿੰਦੈ।
ਇਹ ‘ਧਰਤ’ ਹੈ ਸਬਰ ਦੀ ਮਿੱਟੀ,
ਅਸਲ ਮਿੱਟੀ ਤਾਂ ਕਬਰ ਦੀ ਮਿੱਟੀ।
ਹੋਵੇ ਜੋ ਜ਼ਰਖੇਜ਼ ਜਿਹੀ ਮਿੱਟੀ,
ਕਿਸੇ ਸੂਰਮੇਂ ਦੇਸ਼ ਦੀ ਮਿੱਟੀ।
ਸੂਰਮਿਆਂ ਦੀ ਢਾਣੀ ਕਾਹਦੀ,
ਮਿੱਟੀ ਜਿੱਤਦੀ ਹਰ ਇਕ ਬਾਜ਼ੀ।
ਮਿੱਟੀ ਭਾਂਬੜ ਬਾਲ ਜਾਂ ਦੇਵੇ,
‘ਆਕਾਸ਼’ਚ ਰੱਖ ਪਤਾਲ਼ ਇਹ ਦੇਵੇ।
ਜਦ ਇਹ ਬੋਲੇ, ਮੈਂ ਹਾਂ ਮਿੱਟੀ,
ਜਦ ਇਹ ਆਖੇ, ਮੈ ਹਾਂ ਮਿੱਟੀ।

## ਹਰ ਮਨੁੱਖ ਲਾਵੇ ਇਕ ਰੁੱਖ, ਪਾਣੀ ਤੇ ਕੁੱਖ ਬਚਾਓ, ਬੇਟੀ ਪੜ੍ਹਾਈ ਦੇਸ਼ ਦੁਨੀਆਂ ਹੋ ਜਾਵੇ ਸ਼ੁੱਧ—ਪੀ.ਸੀ ਕੁਮਾਰ



**ਫ਼ਿਰੋਜ਼ਪੁਰ, 27 ਜੁਲਾਈ (ਮਨੋਹਰ ਲਾਲ) :**—ਮਾਰੂ ਬਿਮਾਰੀਆਂ ਤੋਂ ਮੁਕਤ ਜੇ ਵਾਤਾਵਰਨ ਹੋ ਜਾਵੇ ਸ਼ੁੱਧ, ਦੇਸ਼—ਦੁਨੀਆਂ ਹੋ ਜਾਵੇ ਸ਼ੁੱਧ। ਇਹ ਵਿਚਾਰ ਸਾਂਝੇ ਕਰਦਿਆਂ ਪੀ.ਸੀ ਕੁਮਾਰ ਨੇ ਕਿਹਾ ਕਿ ਇਨ੍ਹਾਂ ਵਿਚਾਰਾਂ ਤੇ ਅਮਲੀ ਜਾਮਾ ਪਹਿਨਾਉਣ ਲਈ ਬੱਚਿਆਂ, ਅਧਿਆਪਕਾਂ, ਮਾਪਿਆਂ ਨੇ ਪ੍ਰਣ ਲਿਆ, ਅਸੀਂ ਇਕ—ਇਕ ਰੁੱਖ ਲਗਾ ਕੇ ਇਸ ਮੁਹਿੰਮ ਨੂੰ ਅੱਗੇ ਤੌਰਦੇ ਹੋਏ ਅੱਜ ਜ਼ੋ ਇਸ ਵਾਤਾਵਰਣ ਦੀ ਅਸ਼ੁੱਧਤਾ ਸਦਕਾ ਅਨੇਕਾਂ ਸਰੀਰਕ, ਮਾਨਸਿਕ, ਸਮਾਜਿਕ, ਕੁਰੀਤੀਆਂ, ਬਿਮਾਰੀਆਂ ਦਾ ਪ੍ਰਕੋਪ ਦੇਖਣ ਨੂੰ ਮਿਲ ਰਿਹਾ ਹੈ, ਉਸ ਵਿਚ ਜਿਥੇ ਸਾਡਾ ਰਹਿਣ—ਸਹਿਣ, ਖਾਣ—ਪੀਣ, ਆਦਤਾਂ ਸਦਕਾ ਇਹ ਮੌਸਮੀ ਬਿਮਾਰੀਆਂ ਡੇਂਗੂ, ਹੈਜਾ, ਟਾਈਟਸ ਅਤੇ ਪੇਟ ਦੀਆਂ ਬਿਮਾਰੀਆਂ ਨਾਲ ਹਸਪਤਾਲ ਭਰੇ ਪਏ ਹਨ, ਜਿਨ੍ਹਾਂ ਦਾ ਇਲਾਜ ਨਾਲੋਂ ਪ੍ਰਹੇਜ਼ ਜ਼ਰੂਰੀ ਹੈ, ਜਿਸ ਸਬੰਧੀ ਸ੍ਰੀ ਪੀ.ਸੀ ਕੁਮਾਰ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ ਸੀਨੀਅਰ ਸਿਟੀਜਨ, ਸਮਾਜ ਸੁਧਾਰਕ, ਐਕਸ ਵਾਈਸ ਪ੍ਰੈਜੀਡੈਂਟ ਨਗਰ ਕੌਂਸਲ, ਸਮਾਜ ਸੇਵੀ ਸੰਸਥਾਵਾਂ ਦੇ ਖਾਸ ਤੌਰ ਤੇ ਸਦਾਵਾਰਤ ਪੰਚਾਇਤੀ ਸਮਾਜ ਸੇਵੀ ਸੰਸਥਾ ਦੇ ਮੁੱਖ ਕਾਰਜਕਰਤਾ ਵੱਲੋਂ ਪਹਿਲਾਂ ਦੀ ਤਰ੍ਹਾਂ ਬੱਚਿਆਂ, ਅਧਿਆਪਕਾਂ, ਮਾਪਿਆਂ ਨੂੰ ਸੰਬੋਧਨ ਕਰਦਿਆਂ ਹੋਇਆ ਇਸ ਗੱਲ ਤੇ ਜ਼ੋਰ ਦਿੱਤਾ ਰੱਖੋ ਤਨ ਅਤੇ ਮਨ ਦੀ ਸਫਾਈ, ਆਲੇ—ਦੁਆਲੇ ਦੀ ਸਫਾਈ ਅਤੇ ਨਾਲ ਅੱਜ—ਕੱਲ ਇਨ੍ਹਾਂ ਮੌਸਮੀ ਬਿਮਾਰੀਆਂ ਤੋਂ ਬਚਣ ਲਈ ਖਾਣ—ਪੀਣ, ਰਹਿਣ—ਸਹਿਣ ਵਿਚ ਸ਼ੁੱਧਤਾ ਤੇ ਨਾਲ ਹੀ ਬੱਚਿਆਂ ਨੂੰ ਸਵੱਛ ਅਤੇ ਜਿਆਦਾ ਤੋਂ ਜਿਆਦਾ ਖਾਣ—ਪੀਣ ਦਾ ਉਪਦੇਸ਼ ਦਿੱਤਾ ਤੇ ਸਿਰ ਅਤੇ ਪੈਰਾਂ ਤੋਂ ਨੰਗੇ ਨਾ ਫਿਰਨ ਦਾ ਉਪਦੇਸ਼ ਦਿੱਤਾ। ਇਸ ਮੌਕੇ ਤੇ ਹਾਜ਼ਰੀਨ ਵੱਲੋਂ ਹੱਥ ਖੜ੍ਹੇ ਕਰਕੇ ਖੁਦ ਸੁਧਰੋ, ਪਰਿਵਾਰ, ਸਕੂਲ, ਦੇਸ਼ ਦੁਨੀਆਂ ਖੁਦ ਸੁਧਰ ਜਾਵੇਗੀ ਦਾ ਪ੍ਰਣ ਲਿਆ। ਅੰਤ ਵਿਚ ਮੁੱਖ ਅਧਿਆਪਕਾਂ ਨੇ ਧੰਨਵਾਦ ਕੀਤਾ। ਇਸ ਮੌਕੇ ਪੀ.ਸੀ ਕੁਮਾਰ ਵੱਲੋਂ ਅਪਾਹਜ ਬੱਚਿਆਂ ਦੀ ਸੇਵਾ ਦਾ ਉਪਰਾਲਾ ਵੀ ਕੀਤਾ ਗਿਆ, ਜਿਸ ਵਿਚ ਇਸ ਸੰਸਥਾ ਦੇ ਮੈਂਬਰਾਨ ਮੌਂਗਾ, ਚਾਵਲਾ, ਕਪੂਰ, ਕੁਮਾਰ ਆਦਿ ਨੇ ਸਹਿਯੋਗ ਦਿੱਤਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਬਾਗੀ ਪਾਰਕ ਨੇੜਿਓ ਕੂੜਾ ਚੁੱਕਣ ਤੇ ਸਾਂਝਾ ਗਰੁੱਪ ਤੇ

# ਹਾ ਹਾ ਬੀ ਹੈਪੀ ਗਰੁੱਪ ਨੇ ਮਿਊਸਪਲ ਕਮੇਟੀ ਦਾ ਕੀਤਾ ਧੰਨਵਾਦ




ਫ਼ਿਰੋਜ਼ਪੁਰ, 27 ਜੁਲਾਈ (ਮਨੋਹਰ ਲਾਲ):— ਸਵਤੰਤਰਤਾ ਸੈਨਾਨੀ ਸ੍ਰੀ ਸੱਤਿਆ ਪਾਲ ਬਾਗੀ ਯਾਦਗਾਰੀ ਪਾਰਕ ਨੇੜੇ ਲੱਗੇ ਕੂੜੇ ਦੇ ਢੇਰ ਚੁੱਕਣ ਤੇ ਸਾਂਝਾ ਗਰੁੱਪ ਤੇ ਹਾ ਹਾ ਬੀ ਹੈਪੀ ਗਰੁੱਪ, ਸਾਇਕਲਿੰਗ ਤੇ ਯੋਗਾ ਵਿੰਗ ਨੇ ਮਿਊਂਸੀਪਲ ਕਮੇਟੀ, ਅਧਿਕਾਰੀਆਂ ਦਾ ਧੰਨਵਾਦ ਕੀਤਾ। ਗੱਲਬਾਤ ਕਰਦਿਆਂ ਸੰਸਥਾਵਾਂ ਦੇ ਆਗੂਆਂ ਨੇ ਕਿਹਾ ਕਿ ਕੌਂਸਲ ਅਧਿਕਾਰੀਆਂ ਦੇ ਹੁਕਮਾਂ ਨਾਲ ਬਾਗੀ ਪਾਰਕ ਦੇ ਨੇੜੇ ਬਣੇ ਕੂੜਾਦਾਨ ਨੂੰ ਕਿਸੇ ਦੂਜੀ ਜਗਾ ਸ਼ਿਫਟ ਕਰਨ ਦੇ ਹੁਕਮ ਜਾਰੀ ਕੀਤੇ ਹਨ, ਜ਼ੋ ਸਲਾਹੁਣਯੋਗ ਹਨ ਅਤੇ ਇਸ ਹੁਕਮ ਨਾਲ ਪਾਰਕ ਦੀ ਚੰਗੀ ਸਿਹਤ ਦੇ ਮਕਸੱਦ ਲਈ ਵਰਤੋਂ ਹੋ ਸਕੇਗੀ। ਗੱਲਬਾਤ ਕਰਦਿਆਂ ਗਰੁੱਪ ਦੇ ਕੋਆਰਡੀਨੇਟਰ ਸ੍ਰੀ ਦੇਵਰਾਜ ਖੁੱਲਰ ਨੇ ਦੱਸਿਆ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਕੁਝ ਪਰਿਵਾਰ ਹੁਣ ਵੀ ਚੋਰੀ ਛਿਪੇ ਕੂੜੇ ਦੇ ਪੈਕਟ, ਢੇਰੀਆਂ, ਸੁਟੱਣ ਵਿਚ ਆਪਨੀ ਸ਼ਾਨ ਸਮਝਦੇ ਹਨ ਅਤੇ ਲੋਕ ਹਿੱਤ ਵਿਚ ਚੱਲ ਰਹੀ ਮੁਹਿੰਮ ਚ ਅੜਚਨ ਬਣ ਰਹੇ ਹਨ, ਜ਼ੋ ਮਨੁੱਖਤਾ ਦੇ ਵਿਰੁੱਧ ਹੈ। ਉਨ੍ਹਾਂ ਸੰਬਧਿਤ ਅਧਿਕਾਰੀਆਂ ਨੂੰ ਬੇਨਤੀ ਕੀਤੀ ਕਿ ਉਹ ਲਾਪ੍ਰਵਾਹ ਕੂੜਾ, ਰੇਹੜੀ, ਰਿਕਸ਼ਾ ਵਾਲੀਆਂ ਨੂੰ ਤਾੜਨਾ ਕਰਨ। ਇਸ ਮੌਕੇ ਗੁਲਾਬ ਸਿੰਘ ਮੁੱਖੀ, ਪਾਰਕ ਲੋਕ ਗਰੁੱਪ ਵਲੋਂ, ਸੰਬਧਿਤ ਅਧਿਕਾਰੀਆਂ ਦਾ ਲੋਕ ਹਿੱਤ ਪ੍ਰਤੀ ਸੁਚਾਰੂ ਸੋਚ ਲਈ ਧੰਨਵਾਦ ਕਰਦੇ ਇਸ ਕੂੜਾ ਡੰਪ ਸਥਾਨ ਨੂੰ ਸਾਫ ਕਰਵਾਏ ਜਾਣ ਦੀ ਬੇਨਤੀ ਕੀਤੀ ਤਾਂ ਕਿ ਇਸ ਸਥਾਨ ਦੀ ਵਰਤੋਂ ਦਰੱਖਤ ਲਗਾ ਕੇ ਵਾਤਾਵਰਣ ਵਿਚ ਸੁਧਾਰ ਕਰਨ ਹਿੱਤ ਕੀਤੀ ਜਾਵੇ, ਜ਼ੋ ਸਮੇਂ ਦੀ ਅਹਿਮ ਮੰਗ ਬਣ ਚੁੱਕੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ 21 ਦਿਨਾਂ ਤੁੱਕ-ਤੁੱਕ ਮਹਾਂ ਸੰਪਟ ਅੱਜ ਤੋਂ ਆਰੰਭ

# ਵਿਸ਼ੇਸ਼ ਤੌਰ ਤੇ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ 21 ਦਿਨ ਭੋਰਾ ਸਾਹਿਬ ਵਿਚ ਕਰਨਗੇ ਜਪ-ਤਪ







ਫ਼ਿਰੋਜ਼ਪੁਰ, 27 ਜੁਲਾਈ (ਮਨੋਹਰ ਲਾਲ) :— ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ 21 ਦਿਨਾਂ ਤੁੱਕ—ਤੁੱਕ ਮਹਾਂ ਸੰਪਟ ਅੱਜ ਤੋਂ ਆਰੰਭ ਹੋਏ ਅਤੇ ਵਿਸ਼ੇਸ਼ ਤੌਰ ਤੇ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ 21 ਦਿਨ ਭੋਰਾ ਸਾਹਿਬ ਅੰਦਰ ਜਪ ਤਪ ਕਰਨਗੇ ਅਤੇ ਜਿਹੜੇ ਵੀ ਪਾਠੀ ਸਿੰਘ ਭੋਰਾ ਸਾਹਿਬ ਵਿਚ ਵੜਣਗੇ, 21 ਦਿਨ ਅੰਦਰ ਹੀ ਮਹਾਂ ਸੰਪਟ ਸਾਹਿਬ ਆਰੰਭ ਕਰਨਗੇ ਅਤੇ 16 ਜੁਲਾਈ (ਪਹਿਲੀ ਭਾਰਦੋ) ਦੀ ਸੰਗਰਾਂਦ ਵਾਲੇ ਦਿਨ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਬੋਲਦਿਆਂ ਕਿਹਾ ਕਿ ਸਾਡੇ ਨਾਲ 30 ਕੁ ਪਾਠੀ ਸਿੰਘ ਪਹਿਰੇਦਾਰ, ਲਾਗਰੀ ਰਾਤ—ਦਿਨ ਸੇਵਾ ਕਰ ਰਹੇ ਹਨ ਅਤੇ ਇਹ ਮਹਾਂ ਸੰਪਟ ਸਰਬੱਤ ਦੇ ਭਲੇ ਲਈ ਸੁੱਖ ਸ਼ਾਂਤੀ ਲਈ ਹਰ ਸਾਲ ਅਸੀਂ ਖੁਦ ਕਰਦੇ ਹਾਂ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਅੱਗੇ ਕਿਹਾ ਕਿ ਧੰਨ—ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਧੰਨ—ਧੰਨ ਨੰਦ ਸਿੰਘ ਜੀ, ਧੰਨ—ਧੰਨ ਬਾਬਾ ਕੁੰਦਨ ਸਿੰਘ ਜੀ, ਧੰਨ—ਧੰਨ ਬਾਬਾ ਈਸ਼ਰ ਸਿੰਘ ਜੀ ਨੇ ਘੋਰ ਤਪਸਿਆ ਕੀਤੀ ਅਤੇ ਲੱਖਾਂ—ਕਰੋੜਾਂ ਸੰਗਤਾਂ ਨੂੰ ਸਿੱਧੇ ਰਸਤੇ ਪਾ ਕੇ ਗੁਰੂ ਘਰ ਨਾਲ ਜ਼ੋੜਿਆ ਅਤੇ ਖੰਡੇ ਬਾਟਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਦੇ ਸਿੰਘ ਸਜਾਇਆ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਵਿਚ ਬੈਠ ਕੇ ਵੱਧ ਤੋਂ ਵੱਧ ਗੁਰਬਾਣੀ ਦਾ ਪਾਠ ਕਰਨ ਅਤੇ ਵੱਧ ਤੋਂ ਵੱਧ ਪਾਠ ਕਰਨ। ਉਨ੍ਹਾਂ ਕਿਹਾ ਕਿ ਸਾਧ ਸੰਗਤ ਜੀ ਬਾਣੀ ਪੜਨ ਨਾਲ, ਬਾਣੀ ਸੁਨਣ ਨਾਲ ਤੁਹਾਡਾ ਵੱਡੇ ਤੋਂ ਵੱਡਾ ਕਸ਼ਟ ਭਾਵ ਦੁੱਖ ਕਟੇ ਜਾਣਗੇ, ਪਰ ਭਰੋਸੇ ਦੀ ਜ਼ਰੂਰਤ ਹੈ, ਜਿਸ ਨੇ ਵੀ ਵਾਹਿਗੁਰੂ ਤੇ ਭਰੋਸਾ ਕਰ ਲਿਆ, ਉਸ ਦੇ ਦੁੱਖ ਵਾਹਿਗੁਰੂ ਆਪ ਖੁਦ ਹਰ ਲੈਂਦੇ ਹਨ, ਇਸ ਲਈ ਦਿਨ—ਰਾਤ ਵੱਧ ਤੋਂ ਵੱਧ ਪਾਠ ਕਰੋਅਤੇ ਸਤਿਸੰਗ ਗੁਰਦੁਆਰਾ ਸਾਹਿਬ ਵਿਖੇ ਜਾਣ ਨਾਲ ਮਨ ਵਿਚ ਵਿਸ਼ੇ ਵਿਕਾਰ ਹੁੰਦੇ ਹਨ ਉਹ ਖਤਮ ਹੋ ਜਾਂਦੇ ਹਨ ਅਤੇ ਮਨ ਵਾਹਿਗੁਰੂ ਨਾਲ ਜੁੜਦਾ ਹੈ। ਇਸ ਮੌਕੇ ਤੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਹਰਨਾਮ ਸਿੰਘ, ਭਾਈ ਚੰਨ ਸਿੰਘ, ਭਾਈ ਜ਼ੋਗਾ ਸਿੰਘ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਰਮਨਦੀਪ ਸਿੰਘ, ਭਾਈ ਸੰਤੋਖ ਸਿੰਘ ਅਤੇ ਪਾਠੀ ਸਿੰਘ ਹਾਜ਼ਰ ਸਨ। ਇਸ ਮੌਕੇ ਤੇ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ ਨੇ ਸੰਗਤਾਂ ਦੀ ਹੱਥੀਂ ਸੇਵਾ ਕੀਤੀ। ਇਸ ਮੌਕੇ ਤੇ ਸੰਗਤਾਂ ਲਈ ਗੁਰੂ ਕਾ ਲੰਗਰ, ਚਾਹ ਦਾ ਲੰਗਰ ਅਤੁੱਟ ਵਰਤਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਡਾ: ਏ.ਪੀ.ਜੇ ਅਬਦੁਲ ਕਲਾਮ ਦੀ ਬਰਸੀ ਤੇ ਟੀ.ਬੀ.ਐਸ ਸਕੂਲ ਵਿਚ ਕਰਵਾਇਆ ਸੈਮੀਨਾਰ




ਫ਼ਿਰੋਜ਼ਪੁਰ, 27 ਜੁਲਾਈ (ਮਨੋਹਰ ਲਾਲ) :— ਮੋਗਾ ਰੋਡ 'ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ ਡਾ: ਏ.ਪੀ.ਜੇ ਅਬਦੁਲ ਕਲਾਮ ਦੀ ਬਰਸੀ ਤੇ ਸੈਮੀਨਾਰ ਕਰਵਾ ਬੱਚਿਆਂ ਨੂੰ ਡਾਕਟਰ ਸਾਹਿਬ ਦੇ ਜੀਵਨ ਤੋਂ ਕਰਵਾਇਆ ਜਾਣੂ। ਟੀ.ਬੀ.ਐਸ ਸਕੂਲ ਦੇ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਵੱਲੋਂ ਆਪਣੀ ਦੇਖ—ਰੇਖ ਹੇਠ ਬੱਚਿਆਂ ਨੂੰ ਹਰ ਇਕ ਦਿਨ—ਤਿਉਹਾਰ ਤੋਂ ਜਾਣੂ ਕਰਵਾਇਆ ਜਾਂਦਾ ਹੈ, ਜਿਸ ਦੇ ਸੰਦਰਭ ਵਿਚ ਅੱਜ ਸਕੂਲ ਕੈਂਪਸ ਵਿੱਚ ਡਾ: ਏ.ਪੀ.ਜੇ. ਅਬਦੁਲ ਕਲਾਮ ਦੀ ਬਰਸੀ ਮੌਕੇ ਸਮੂਹ ਸਕੂਲ ਦੇ ਵਿਦਿਆਰਥੀਆਂ ਨੂੰ ਡਾ: ਅਬਦੁਲ ਕਲਾਮ ਦੇ ਜੀਵਨ ਅਤੇ ਵਿਗਿਆਨ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਦਰਸਾਉਂਦੀ ਡਾਕੂਮੈਂਟਰੀ ਵੀ ਦਿਖਾਈ ਗਈ, ਜਿਸ ਨੂੰ ਬੱਚਿਆਂ ਨੇ ਬੜੇ ਧਿਆਨ ਨਾਲ ਦੇਖਿਆ ਅਤੇ ਸੁਣਿਆ। ਇਸ ਦੌਰਾਨ ਬੱਚਿਆਂ ਤੋਂ ਇਸ ਡਾਕੂਮੈਂਟਰੀ ਨਾਲ ਸਬੰਧਤ ਸਵਾਲ—ਜਵਾਬ ਵੀ ਕੀਤੇ ਗਏ, ਜਿਨ੍ਹਾਂ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਅਤੇ ਉਤਸੁਕਤਾ ਨਾਲ ਜਵਾਬ ਦਿੱਤੇ। ਇਸ ਮੌਕੇ ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਵਿਦਿਆਰਥੀਆਂ ਨੂੰ ਡਾ: ਏ.ਪੀ.ਜੇ ਅਬਦੁਲ ਕਲਾਮ ਦੇ ਜੀਵਨ, ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਉਨ੍ਹਾਂ ਵੱਲੋਂ ਵਿਦਿਆਰਥੀ ਜੀਵਨ ਲਈ ਦਿੱਤੀਆਂ ਸਿੱਖਿਆਵਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਬੱਚਿਆਂ ਨੂੰ ਅਬਦੁਲ ਕਲਾਮ ਵੱਲੋਂ ਦਿੱਤੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਸਰਕਾਰੀ ਹਾਈ ਸਕੂਲ ਭੜਾਣਾ ਵਿਖੇ ਸਿੱਖਿਆ ਸਪਤਾਹ ਦੇ ਅੰਤਰਗਤ ਕੁਦਰਤੀ ਵਾਤਾਵਰਨ ਦੀ ਸੰਭਾਲ ਲਈ ਕੀਤਾ ਗਿਆ ਈਕੋ ਕਲੱਬ ਦਾ ਗਠਨ—ਕੈਂਪਸ ਵਿਚ ਲਗਾਏ ਸਜਾਵਟੀ ਤੇ ਫਲਦਾਰ ਪੌਦੇ



ਫ਼ਿਰੋਜ਼ਪੁਰ, 27 ਜੁਲਾਈ (ਮਨੋਹਰ ਲਾਲ) :— ਸਰਕਾਰੀ ਹਾਈ ਸਕੂਲ ਭੜਾਣਾ ਵਿਖੇ ਸਿੱਖਿਆ ਸਪਤਾਹ ਦੇ ਅੰਤਰਗਤ ਈਕੋ ਕਲੱਬ ਇੰਚਾਰਜ ਸ੍ਰੀਮਤੀ ਨੀਨੂ ਗਰੋਵਰ ਦੀ ਅਗਵਾਈ ਹੇਠ ਈਕੋ ਕਲੱਬ ਫਾਰ ਮਿਸ਼ਨ ਲਾਈਫ ਦਾ ਗਠਨ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਦੀ ਸਹਿਮਤੀ ਨਾਲ ਦਸਵੀਂ ਜਮਾਤ ਦੇ ਵਿਦਿਆਰਥੀ ਸੁਖਮਨਪ੍ਰੀਤ ਸਿੰਘ ਨੂੰ ਈਕੋ ਕਲੱਬ ਦਾ ਪ੍ਰਧਾਨ ਅਤੇ ਅਨਮੋਲਪ੍ਰੀਤ ਸਿੰਘ ਨੂੰ ਉਪ ਪ੍ਰਧਾਨ ਚੁਣਿਆ ਗਿਆ, ਜਿਸ ਉਪਰੰਤ ਈਕੋ ਕਲੱਬ ਦੇ ਮੈਂਬਰਾਂ ਨੂੰ ਰੁੱਖਾਂ ਦੀ ਸਾਂਭ ਸੰਭਾਲ ਅਤੇ ਪੌਦਿਆਂ ਦੀ ਦੇਖ—ਭਾਲ ਕਰਨ ਦਾ ਜਿੰਮਾ ਦਿੱਤਾ ਗਿਆ। ਇਸ ਮੌਕੇ ਸਕੂਲ ਦੇ ਡੀ.ਪੀ.ਈ ਗੁਰਿੰਦਰ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਚਕਰੇਸ਼ੀਆ, ਤੁਣ ਅਤੇ ਸੱਤਪੱਤੀਆ ਜਿਹੇ ਸੰਘਣੀ ਛਾਂ ਵਾਲੇ ਅਤੇ ਕਈ ਹੋਰ ਸਜਾਵਟੀ ਰੁੱਖਾਂ ਤੋਂ ਜਾਣੂ ਕਰਵਾਇਆ ਗਿਆ ਤੇ ਉਨ੍ਹਾਂ ਦੇ ਫਾਇਦੇ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਤੋਂ ਇਲਾਵਾ ਸਕੂਲ ਦੇ ਮੁੱਖ ਅਧਿਆਪਕ ਗੁਰਵਿੰਦਰ ਸਿੰਘ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਵਾਤਾਵਰਨ ਹਰਾ—ਭਰਾ ਰੱਖਣ ਅਤੇ ਪੌਦਿਆਂ ਦੀ ਸੰਭਾਲ ਲਈ ਪ੍ਰੇਰਿਤ ਕਰਦਿਆਂ ਹਰਿਆਵਲ ਨੂੰ ਸਾਡੇ ਜੀਵ ਜਗਤ ਦਾ ਵਡਮੁੱਲਾ ਖਜ਼ਾਨਾ ਦੱਸਿਆ। ਸਮਾਗਮ ਦੌਰਾਨ ਸਕੂਲ ਅਧਿਆਪਕ ਪਰਮਿੰਦਰ ਸਿੰਘ, ਸ੍ਰੀਮਤੀ ਗੀਤਾ, ਹਰਪ੍ਰੀਤ ਸਿੰਘ, ਮਨਦੀਪ ਸਿੰਘ, ਵਿਸ਼ਾਲ ਗਾਂਧੀ, ਸ੍ਰੀਮਤੀ ਰੇਖਾ ਰਾਣੀ, ਸ਼੍ਰੀਮਤੀ ਗੁਰਵਿੰਦਰ ਕੌਰ, ਕੁਮਾਰੀ ਪ੍ਰਿਅੰਕਾ ਰਾਣੀ ਅਤੇ ਸਤਪਾਲ ਸਿੰਘ ਸੇਵਾਦਾਰ ਦੇ ਸਹਿਯੋਗ ਨਾਲ ਵਿਦਿਆਰਥੀਆਂ ਤੋਂ ਪੌਦੇ ਲਗਵਾਏ ਗਏ। ਪੌਦੇ ਲਗਾਉਣ ਦੀ ਰਸਮ ਉਪਰੰਤ ਵਿਦਿਆਰਥੀਆਂ ਵੱਲੋਂ ਇਨ੍ਹਾਂ ਪੌਦਿਆਂ ਨੂੰ ਸੰਭਾਲਣ ਅਤੇ ਇਨ੍ਹਾਂ ਦੇ ਪਾਲਣ ਦਾ ਪ੍ਰਣ ਲਿਆ ਗਿਆ ਤਾਂ ਜ਼ੋ ਇਨ੍ਹਾਂ ਬੂਟਿਆਂ ਰਾਹੀਂ ਉਹ ਸਕੂਲ ਵਿਚ ਆਪਣੀ ਵੱਖਰੀ ਛਾਪ ਛੱਡ ਸਕਣ।

ਆਵਾਜ਼ਿ ਕੌਮ AWAZE QAUM International Newspaper & WEB TV

# ਰਾਜੇਸ਼ ਕੁਮਾਰ ਨੇ ਡੀਈਓ ਸੈਕੰਡਰੀ ਅਤੇ ਕਮਲਦੀਪ ਕੌਰ ਨੇ ਡੀਈਓ ਐਲੀਮੈਂਟਰੀ ਦਾ ਆਹੁਦਾ ਸੰਭਾਲਿਆ

**ਪਠਾਨਕੋਟ/ਤਾਰਾਗੜ੍ਹ, 27 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸਿੱਖਿਆ ਵਿਭਾਗ ਵੱਲੋਂ ਪ੍ਰਬੰਧਕੀ ਜ਼ਰੂਰਤਾਂ ਅਤੇ ਲੋਕ ਹਿਤ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ ਵੱਖ ਜ਼ਿਲ੍ਹਾ ਸਿੱਖਿਆ ਅਫ਼ਸਰ ਸਹਿਬਾਨ ਦੇ ਤਬਾਦਲੇ ਕੀਤੇ ਗਏ ਹਨ। ਇਸੇ ਲੜੀ ਤਹਿਤ ਸ੍ਰੀ ਰਾਜੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਅੰਮ੍ਰਿਤਸਰ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਪਠਾਨਕੋਟ ਅਤੇ ਸ੍ਰੀਮਤੀ ਕਮਲਦੀਪ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਹੋਸ਼ਿਆਰਪੁਰ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਠਾਨਕੋਟ ਨਿਯੁਕਤ ਕੀਤਾ ਗਿਆ ਹੈ। ਅੱਜ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜੇਸ਼ ਕੁਮਾਰ ਨੇ ਡੀਈਓ ਸੈਕੰਡਰੀ ਅਤੇ ਸ੍ਰੀਮਤੀ ਕਮਲਦੀਪ ਕੌਰ ਨੇ ਡੀਈਓ ਐਲੀਮੈਂਟਰੀ ਆਹੁਦਾ ਸੰਭਾਲ ਲਿਆ ਹੈ। ਇਸ ਮੌਕੇ ਸ੍ਰੀ ਰਾਜੇਸ਼ ਕੁਮਾਰ ਦੇ ਪਰਿਵਾਰਕ ਮੈਂਬਰ ਪਤਨੀ ਸ੍ਰੀਮਤੀ ਸੁਨੀਤਾ ਗੁਪਤਾ ਅਤੇ ਸ੍ਰੀਮਤੀ ਕਮਲਦੀਪ ਕੌਰ ਦੇ ਪਰਿਵਾਰਕ ਮੈਂਬਰ ਪਤੀ ਸ੍ਰੀ ਰਣਜੀਤ ਸਿੰਘ ਵਿਸ਼ੇਸ਼ ਤੌਰ ਤੇ ਮੌਜੂਦਾ ਸਨ। ਜ਼ਿਲ੍ਹਾ ਅਧਿਕਾਰੀਆਂ ਦੇ ਦਫ਼ਤਰ ਪਹੁੰਚਣ ਤੇ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਦੇ ਪ੍ਰਿੰਸੀਪਲ ਸ੍ਰੀ ਹਰਿੰਦਰ ਸਿੰਘ ਸੈਣੀ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਵਲੋਂ ਦਫ਼ਤਰੀ ਅਮਲੇ ਅਤੇ ਜ਼ਿਲ੍ਹੇ ਦੇ ਪ੍ਰਿੰਸੀਪਲਾਂ ਨਾਲ ਹਾਰ ਪਹਿਨਾ ਅਤੇ ਗੁਲਦਸਤੇ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਰਾਜੇਸ਼ ਕੁਮਾਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡਾ ਮੁੱਖ ਮਕਸਦ ਅਧਿਆਪਕਾਂ, ਅਧਿਕਾਰੀਆਂ ਅਤੇ ਸਮਾਜ ਦੇ ਬੁੱਧੀਜੀਵੀ ਵਰਗ ਦਾ ਸਹਿਯੋਗ ਲੈਕੇ ਸਿੱਖਿਆ ਦੇ ਮਿਆਰ ਨੂੰ ਬੁਲੰਦੀਆਂ ਤੱਕ ਲੈਕੇ ਜਾਣਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਮੌਕੇ ਸਰਕਾਰੀ ਸਕੂਲਾਂ ਦੇ ਅਧਿਆਪਕ ਪੂਰੀ ਮਿਹਨਤ ਨਾਲ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਧਿਆਪਕ ਸਾਹਿਬਾਨ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

### ਅਣਪਛਾਤੇ ਮੋਟਰਸਾਈਕਲ ਸਵਾਰ ਵਿਅਕਤੀਆਂ ਵਲੋਂ ਸੁਨਿਆਰੇ ਦੀ ਦੁਕਾਨ ਤੇ ਚਲਾਈਆਂ ਗੋਲੀਆਂ

# ਗੋਲੀਆਂ ਚੱਲਣ ਨਾਲ ਲੋਕਾਂ ਵਿੱਚ ਭਾਰੀ ਦਹਿਸ਼ਤ ਵਾਲਾ ਮਾਹੌਲ






**ਸ੍ਰੀ ਹਰਗੋਬਿੰਦਪੁਰ ਸਾਹਿਬ, 26 ਜੁਲਾਈ (ਕੁਲਜੀਤ ਸਿੰਘ ਖੋਖਰ)**-ਸਵੇਰੇ ਦੋ ਅਣਪਛਾਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ 11 ਵਜੇ ਦੇ ਕਰੀਬ ਦੇਸਰਾਜ ਦੀ ਮੇਨ ਬਾਜ਼ਾਰ ਵਿੱਚ ਦੁਕਾਨ ਵਿੱਚ ਗੋਲੀਆਂ ਚਲਾਉਣ ਦਾ ਸਮਾਂ ਚਾਰ ਪ੍ਰਾਪਤ ਹੋਇਆ ਹੈ ਗੋਲੀ ਚੱਲਣ ਨਾਲ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਲੋਕਾਂ ਵਿੱਚ ਭਾਰੀ ਸਹਿਮ ਦਾ ਮਾਹੌਲ ਬਣ ਚੁੱਕਾ ਹੈ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦੁਕਾਨ ਦੇ ਮਾਲਕ ਜਗਦੀਸ਼ ਕੁਮਾਰ ਪੁੱਤਰ ਦੇਸ ਰਾਜ ਨੇ ਦੱਸਿਆ ਕਿ ਉਹ ਆਪਣੀ ਦੁਕਾਨ ਤੇ ਕੰਮ ਕਰ ਰਹੇ ਸਨ ਅਚਾਨਕ ਦੋ ਮੋਟਰਸਾਈਕਲ ਸਵਾਰ ਵਿਅਕਤੀਆਂ ਉਹਨਾਂ ਦੀ ਦੁਕਾਨ ਨਜ਼ਦੀਕ, ਆ ਕੇ ਰੁਕੇ ਜਿੱਥੇ ਉਹਨਾਂ ਨੇ ਦੁਕਾਨ ਤੇ ਦੋ ਗੋਲੀਆਂ ਮਾਰੀਆਂ ਗੋਲੀਆਂ ਦੀ ਆਵਾਜ਼ ਸੁਣ ਕੇ ਉਹ ਦੁਕਾਨ ਦੇ ਵਿੱਚ ਹੀ ਲੰਮੇ ਪੈ ਗਏ ,ਜਿੱਥੇ ਉਹ ਵਾਲ ਵਾਲ ਬਚ ਗਏ ਪਰ ਦੁਕਾਨ ਦੇ ਦਰਵਾਜ਼ੇ ਦੇ ਸ਼ੀਸ਼ੇ ਚਕਨਾਚੂਰ ਹੋ ਗਏ। ਦੁਕਾਨਦਾਰ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਸਾਡੇ ਕੋਲੋਂ ਫਰੌਤੀ ਦੀ ਮੰਗ ਕੀਤੀ ਗਈ ਸੀ ਇਸ ਸੰਬੰਧ ਵਿੱਚ ਸ੍ਰੀ ਹਰਗੋਬਿੰਦਪੁਰ ਸਾਹਿਬ ਥਾਣਾ ਦੀ ਪੁਲਿਸ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਗਿਆ ਸੀ । ਇਸ ਮੌਕੇ ਡੀਐਸਪੀ ਰਜੇਸ਼ ਕੱਕੜ ਨੇ ਘਟਨਾ ਵਾਲੀ ਥਾਂ ਦਾ ਜਾਇਜ਼ਾ ਲੈ ਕੇ ਪੁਲਿਸ ਨੂੰ ਹਦਾਇਤ ਕੀਤੀ ਅਤੇ ਕਿਹਾ ਕਿ ਨਜ਼ਦੀਕੀ ਦੁਕਾਨਾਂ ਦੇ ਕੈਮਰਿਆਂ ਨੂੰ ਖੰਗਾਲਿਆ ਗਿਆ ਅਤੇ ਗੋਲੀਆਂ ਚਲਾਉਣ ਵਾਲੇ ਲੁਟੇਰਿਆਂ ਦੀ ਪਹਿਚਾਣ ਕਰਕੇ ਉਹਨਾਂ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾ ਸਕੇ। ਉਹਨਾਂ ਨੇ ਲੋਕਾਂ ਨੂੰ ਭਰੋਸਾ ਦਿਵਾਉਂਦੇ ਹੋਏ ਕਿਹਾ ਕਿ ਲੁਟੇਰਿਆਂ ਨੂੰ ਜਲਦੀ ਹੀ ਗਿਰਫਤਾਰ ਕਰ ਲਿਆ ਜਾਵੇਗਾ। ਇਸ ਮੌਕੇ ਨਗਰ ਕੌਂਸਲ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਪ੍ਰਧਾਨ ਨਵਦੀਪ ਸਿੰਘ ਪੰਨੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਇਹ ਸਭ ਕੁਝ ਵਾਪਰਿਆ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦਾ ਮਾਹੌਲ ਬਹੁਤ ਜ਼ਿਆਦਾ ਖ਼ਰਾਬ ਹੋ ਰਿਹਾ ਹੈ।ਪਰ ਪੁਲਿਸ ਪ੍ਰਸ਼ਾਸਨ ਕੁਝ ਨਹੀਂ ਕਰ ਰਿਹਾ ਉਨ੍ਹਾਂ ਆਖਿਆ ਕਿ ਜਿਊਲਰ ਸੋਂਪ ਦੇ ਮਾਲਕ ਵੱਲੋਂ ਪਹਿਲਾਂ ਸੂਚਿਤ ਕੀਤਾ ਗਿਆ ਸੀ ਕਿ ਉਸ ਨੂੰ ਫਿਰੌਤੀ ਦੇਣ ਦੇ ਫੋਨ ਆ ਰਹੇ ਹਨ।ਪਰ ਪੁਲਿਸ ਨੇ ਕੋਈ ਵੀ ਇਸ ਸਬੰਧੀ ਗੰਭੀਰਤਾ ਨਾਲ ਨਹੀਂ ਲਿਆ। ਉਨ੍ਹਾਂ ਆਖਿਆ ਲੁਟੇਰਿਆਂ ਦੇ ਹੌਸਲੇ ਏਨੇ ਵਧੇ ਹੋਏ ਹਨ ਕਿ ਦਿਨ ਦਿਹਾੜੇ ਕਿਸੇ ਦੀ ਦੁਕਾਨ ਤੇ ਗੋਲੀਆ ਚਲਾ ਕੇ ਫ਼ਰਾਰ ਹੋ ਜਾਣਾ ਬਹੁਤ ਗੰਭੀਰ ਮਸਲਾ ਹੈ। ਉਨ੍ਹਾਂ ਆਖਿਆ ਕਿ ਪੰਜਾਬ ਵਿੱਚ ਕਨੂੰਨ ਨਾਂ ਦੀ ਕੋਈ ਚੀਜ਼ ਨਹੀਂ ਰਹਿ ਗਈ। ਜਿਸ ਨਾਲ ਲੋਕਾਂ ਵਿੱਚ ਭਾਰੀ ਦਹਿਸ਼ਤ ਵਾਲਾ ਮਾਹੌਲ ਬਣਿਆ ਹੋਇਆ ਹੈ।

### ਗਰਮੀ ਤੋਂ ਰਾਹਤ ਤੇ ਵਾਤਾਵਰਨ ਨੂੰ ਸ਼ੁੱਧ ਬਣਾਉਣ ਲਈ ਵੱਧ ਤੋਂ ਵੱਧ

# ਬੂਟੇ ਲਗਾਉਣ ਦੀ ਲੋੜ : ਮਨਪ੍ਰੀਤ ਸਿੰਘ ਅਲੀਪਰ ਖਾਲਸਾ , ਬਾਬਾ ਹਰਜੀਤ ਸਿੰਘ ਯੂ. ਕੇ. ਮਹਿਤਾ ਚੌਕ ਵਾਲੇ





ਸੇਰਪੁਰ ( ਰਣਜੀਤ ਸਿੰਘ ਪੇਧਨੀ ) ਵਧ ਰਹੀ ਗਰਮੀ ਤੋਂ ਰਾਹਤ ਲਈ ਅਤੇ ਵਾਤਾਵਰਨ ਨੂੰ ਚੰਗਾ ਬਣਾਉਣ ਲਈ ਸਰਕਾਰ ਅਤੇ ਲੋਕਾਂ ਨੂੰ ਰਲ ਮਿਲ ਕੇ ਆਪਣੀ ਜ਼ਿੰਮੇਵਾਰੀ - ਸਮਝ ਕੇ ਉਪਰਾਲੇ ਕਰਨੇ ਚਾਹੀਦੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਲਾਕੇ ਦੀ ਪੰਥਕ ਸ਼ਖਸੀਅਤ ਸੰਤ ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ ਅਤੇ ਬਾਬਾ ਹਰਜੀਤ ਸਿੰਘ ਯੂ ,ਕੇ ਮਹਿਤਾ ਚੌਕ ਵਾਲਿਆਂ ਨੇ ਕੀਤਾ ।

ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦਰੱਖਤਾਂ ਦੀ ਵੱਡੇ ਪੱਧਰ 'ਤੇ ਕਟਾਈ ਹੋਈ ਅਤੇ ਨਵੇਂ ਦਰੱਖਤ ਘੱਟ ਗਿਣਤੀ ਵਿੱਚ ਲਗਾਏ ਗਏ, ਕਈ ਇਲਾਕਿਆਂ ਵਿੱਚ ਖੇਤਾਂ 1'ਚ ਫਸਲਾਂ ਦੇ ਨਾੜ ਨੂੰ ਅੱਗ ਲਾਉਣ ਕਾਰਨ ਦਰੱਖਤਾਂ ਦਾ ਸੜਨਾ ਵੀ ਚਿੰਤਾ ਦਾ ਵਿਸ਼ਾ ਹੈ। ਜਿਸ ਕਾਰਨ ਪੰਜਾਬ ਰਾਜਸਥਾਨ ਦਾ ਰੂਪ ਧਾਰਦਾ ਜਾ ਰਿਹਾ ਹੈ ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਅਦਾਰਿਆਂ ਦੀਆਂ ਖਾਲੀ ਜਾਇਦਾਦਾਂ ਜਿਵੇਂ ਪੀ.ਡਬਲਿਊ.ਡੀ. ਨਹਿਰੀ ਵਿਭਾਗ, ਜੰਗਲਾਤ ਵਿਭਾਗ ਅਤੇ ਹੋਰ ਸਰਕਾਰੀ ਸੰਸਥਾਵਾਂ ਦੀਆਂ ਖਾਲੀ ਥਾਵਾਂ 'ਤੇ ਵੱਧ ਤੋਂ ਵੱਧ ਦਰੱਖਤ ਲਾਉਣ ਦੀ ਹਦਾਇਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ, ਕਾਰਪੋਰੇਸ਼ਨਾਂ ਅਤੇ ਗ੍ਰਾਮ ਪੰਚਾਇਤਾਂ ਦੀਆਂ ਜ਼ਮੀਨਾਂ ਉਤੇ 10 ਪ੍ਰਤੀਸ਼ਤ ਜਗ੍ਹਾ ਵਿਚ ਜੰਗਲ ਲਾਉਣ ਦੀ ਹਦਾਇਤ ਕਰਨੀ ਚਾਹੀਦੀ ਹੈ। ਉਨ੍ਹਾਂ ਪੰਜਾਬ ਦੇ ਹਰ ਵਸ਼ਿੰਦੇ ਨੂੰ ਅਤੇ ਗ੍ਰਾਮ ਪੰਚਾਇਤਾਂ ਨੂੰ ਆਪਣੇ ਪੱਧਰ ਤੇ ਫਲਦਾਰ ਅਤੇ ਛਾਂਦਾਰ ਦਰੱਖਤ ਲਾਉਣ ਅਤੇ ਉਨ੍ਹਾਂ ਦੀ ਆਪਣੇ ਪੱਧਰ 'ਤੇ ਦੇਖਭਾਲ ਕਰਨ ਦੀ ਅਪੀਲ ਕੀਤੀ ਤਾਂ ਜੋ ਪੰਜਾਬ ਨੂੰ ਹਰਿਆ- ਭਰਿਆ ਤੇ ਚੰਗਾ ਵਾਤਾਵਰਨ ਬਣਾਇਆ ਜਾ ਸਕੇ ਅਤੇ ਸਾਡੀ ਆਉਣ ਵਾਲੀ ਪਨੀਰੀ ਦਾ ਭਵਿੱਖ ਖਤਰੇ ਵਿਚੋਂ ਨਿਕਲ ਸਕੇ।

### ਬਾਬਾ ਜੀ ਵੱਲੋਂ ਨੌਜਵਾਨਾਂ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਨ ਦਾ ਵਿਸ਼ੇਸ਼ ਉਪਰਾਲਾ ਸਲਾਂਘਾਯੋਗ ਹੈ ਅਮਰੀਕ ਸਿੰਘ ਕਿਲਾ ਹਕੀਮਾ

# ਬਾਬਾ ਹਰਜਿੰਦਰ ਸਿੰਘ ਭੀਖੀ ਵਾਲਿਆਂ ਨੇ ਅਮਰੀਕ ਸਿੰਘ ਕਿਲਾ ਹਕੀਮਾਂ ਦਾ ਕੀਤਾ ਵਿਸ਼ੇਸ਼ ਸਨਮਾਨ



ਭੀਖੀ ( ਰਣਜੀਤ ਸਿੰਘ ਪੇਧਨੀ ) ਸੰਤ ਕਵੀ ਸੰਤ ਬਾਬਾ ਹਰਜਿੰਦਰ ਸਿੰਘ ਭੀਖੀ ਵਾਲੇ ਜੋ ਪਿਛਲੇ ਲੰਮੇ ਸਮੇਂ ਤੋਂ ਦੇਸ਼ਾਂ ਵਿਦੇਸ਼ਾਂ ਵਿੱਚ ਸਿੱਖੀ ਦੇ ਪ੍ਰਚਾਰ ਪਸਾਰ ਦਾ ਪ੍ਰਚਾਰ ਕਰ ਰਹੇ ਹਨ। ਉਹ ਨੌਜਵਾਨ ਬੱਚੇ ਬੱਚੀਆਂ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਨ ਦਾ ਵਿਸ਼ੇਸ਼ ਉਪਰਾਲਾ ਕਰ ਰਹੇ ਹਨ। ਬੀਤੇ ਦਿਨੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਭਾਈ ਅਮਰੀਕ ਸਿੰਘ ਕਿਲਾ ਹਕੀਮਾ ਉਹਨਾਂ ਦੇ ਭਿਖੀ ਖਾਲਸਾ ਫਾਰਮ ਵਿਖੇ ਪਹੁੰਚੇ , ਪਹੁੰਚਣ ਤੇ ਬਾਬਾ ਜੀ ਵੱਲੋਂ ਉਹਨਾਂ ਨੂੰ ਜੀ ਆਇਆ ਕਿਹਾ ਗਿਆ ਅਤੇ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਨੌਜਵਾਨਾਂ ਆਗੂ ਅਮਰੀਕ ਸਿੰਘ ਕਿਲਾ ਹਕੀਮਾਂ ਨੇ ਕਿਹਾ ਹੈ ਕਿ ਬਾਬਾ ਹਰਜਿੰਦਰ ਸਿੰਘ ਦੀਆਂ ਦੀਆਂ ਗਤੀਵਿਧੀਆਂ ਸਿੱਖ ਕੌਮ ਦੇ ਲਈ ਦਿਨ ਰਾਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਮਾਲਵੇ ਦੀ ਧਰਤੀ ਤੇ ਸਿੱਖੀ ਦੇ ਪ੍ਰਚਾਰ ਦੇ ਲਈ ਵਿਸ਼ੇਸ਼ ਉਪਰਾਲੇ ਕਰਦੇ ਹਨ ਇਹਨਾਂ ਦਾ ਇਹ ਉਪਰਾਲਾ ਬਹੁਤ ਹੀ ਸਲਾਂਘਾਯੋਗਗ ਉਪਰਾਲਾ ਹੈ। ਇਸ ਮੌਕੇ ਉਹਨਾਂ ਦੇ ਨਾਲ ਭਾਈ ਮੋਹਨ ਸਿੰਘ ਨਰਿੰਦਰਪੁਰਾ ਪ੍ਰਚਾਰਕ ਸ਼੍ਰੋਮਣੀ ਕਮੇਟੀ ਅਤੇ ਬਾਬਾ ਅਕਬਰ ਸਿੰਘ ਕੁਲਾਣਾ, ਬਾਬਾ ਜੀਵਨ ਸਿੰਘ ਹਾਜਰ ਸਨ।

# ਚੇਅਰਮੈਨ ਘੁੱਲੀ ਬਣਾਇਆ ਜਾਵੇ ਬਰਨਾਲਾ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦਾ ਉਮੀਦਵਾਰ: ਆਪ ਆਗੂ



ਧੂਰੀ ( ਰਣਜੀਤ ਸਿੰਘ ਪੇਧਨੀ ) ਜਲੰਧਰ ਜਿਮਣੀ ਚੋਣ ਤੋਂ ਬਾਅਦ ਹੁਣ ਬਰਨਾਲਾ ਜਿਮਨੀ ਚੋਣ ਚਰਚਾ ਦੇ ਵਿੱਚ ਹੈ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਕਿ ਬਰਨਾਲਾ ਦੀ ਟਿਕਟ ਸਾਬਕਾ ਵਿਧਾਇਕ ਗੋਲਡੀ ਜਾ ਕਿਸੇ ਹੋਰ ਵਿਅਕਤੀ ਨੂੰ ਚੋਣ ਲੜ ਸਕਦਾ ਹੈ ।ਪਰ ਪਾਰਟੀ ਹਾਈ ਕਮਾਂਡ ਨੂੰ ਚਾਹੀਦਾ ਹੈ ਕਿ 2012 ਤੋਂ ਲੈ ਕੇ 2022 ਤੱਕ ਪਾਰਟੀ ਦੇ ਉਤਰਾ ਚੜਾ ਪਾਰਟੀ ਦੇ ਨਾਲ ਹੰਡਾਏ ਅਤੇ ਜੋ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਿਨਾਂ ਨੂੰ ਵਾਈ ਫੇਸ ਅਤੇ ਮਾਈ ਨੇਮ ਜਾਣਦੇ ਹਨ। ਜਦੋ 2019 ਦੀ ਇਲੈਕਸ਼ਨ ਤੋਂ ਬਾਅਦ ਪੰਜਾਬ ਦੇ ਲੋਕ ਕਹਿ ਰਹੇ ਸੀ ਕਿ ਝਾੜੂ ਤੀਲਾ ਤੀਲਾ ਹੋ ਗਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨਹੀਂ ਆਉਂਦੀ ਪਰ ਧੂਰੀ ਹਲਕੇ ਦੇ ਵਿੱਚ ਮਸਾ ਗਿਣਤੀ ਦੇ ਪੰਜ ਸੱਤ ਬੰਦੇ ਜਿਨਾਂ ਦੇ ਵਿੱਚੋਂ ਰਾਜਵੰਤ ਸਿੰਘ ਘੁੱਲੀ ਪਾਰਟੀ ਨਾਲ ਮਾੜੇ ਟਾਈਮ ਖੜੇ ਰਹੇ ਪਾਰਟੀ ਦੀ ਮਜਬੂਤੀ ਲਈ ਦਿਨ ਰਾਤ ਮਿਹਨਤ ਕਰਕੇ ਪਾਰਟੀ ਨੂੰ ਬੁਲੰਦੀਆਂ ਤੇ ਪਹੁੰਚਾਇਆ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਚਾਇਤ ਯੂਨੀਅਨ ਬਲਾਕ ਧੂਰੀ ਦੇ ਪ੍ਰਧਾਨ ਸਰਪੰਚ ਸੁਖਦੀਪ ਸਿੰਘ ਚੀਮਾ, ਆਪ ਆਗੂ ਕੁਲਦੀਪ ਸਿੰਘ ਬੁੱਟਰ,ਆਪ ਆਗੂ ਅਰਵਿੰਦ ਸ਼ਰਮਾ ਨਾਭਾ, ਆਪ ਆਗੂ ਰਣਜੀਤ ਸਿੰਘ ਸੇਰਗਿਲ, ਆਪ ਆਗੂ ਬੂਟਾ ਸੁਲਤਾਨਪੁਰ ਅਤੇ ਆਪ ਆਗੂ ਰਣਜੀਤ ਸਿੰਘ ਧੰਦੀਵਾਲ ਪ੍ਰਮੁੱਖ ਉਮੀਦਵਾਰ ਬਲਾਕ ਸੰਮਤੀ ਜੋਨ ਧੰਦੀਵਾਲ ਨੇ ਕੀਤਾ ।ਆਗੂਆਂ ਨੇ ਕਿਹਾ ਕਿ ਅੱਜ ਪਾਰਟੀ ਹਾਈ ਕਮਾਂਡ ਨੂੰ ਚਾਹੀਦਾ ਹੈ ਕਿ ਬਰਨਾਲੇ ਹਲਕੇ ਤੋਂ ਸ, ਰਾਜਵੰਤ ਸਿੰਘ ਘੁੱਲੀ ਟਿਕਟ ਦੇ ਕੇ ਨਿਵਾਜਿਆ ਜਾਵੇ ਉਹ ਬਰਨਾਲਾ ਦੀ ਜਿਮਨੀ ਚੋਣ ਵੱਡੇ ਮਾਰਜਨ ਨਾਲ ਜਿੱਤ ਕੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਦੇ ਹੱਥ ਮਜਬੂਤ ਕਰਨਗੇ।

# ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾ ਨੂੰ ਵਿਖਾਇਆ ਲਾਈਟ ਐਂਡ ਸਾਊਂਡ ਸ਼ੋਅ







**ਚੌਕ ਮਹਿਤਾ, 27 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਧੰਨ ਧੰਨ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸੈਕਟਰ 34 ਚੰਡੀਗੜ੍ਹ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਸੇਵਾ ਸੁਸਾਇਟੀ ਦੇ ਤੇਰਾ ਹੀ ਤੇਰਾ ਮਿਸ਼ਨ ਵਲੋ ਟੈਗੋਰ ਥੀਏਟਰ ਚੰਡੀਗੜ੍ਹ ਵਿਖੇ ਲਾਈਟ ਐਂਡ ਸਾਊਂਡ ਸ਼ੋਅ ਸੰਗਤਾ ਨੂੰ ਧੰਨ ਧੰਨ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਇਤਿਹਾਸ ਦੀ ਸੰਗਤਾ ਨੂੰ ਜਾਣਕਾਰੀ ਲਈ ਦਿਖਾਇਆ ਗਿਆ ਜਾਣਕਾਰੀ ਦਿੰਦਿਆ ਸ੍ਰ ਡੀ ਪੀ ਸਿੰਘ ਸਾਬਕਾ (ਸੀ ਈ ਓ ) ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ,ਸਾਬਕਾ ਡੀ ਜੀ ਐਮ ਪੰਜਾਬ ਐਂਡ ਸਿੰਧ ਬੈਂਕ,ਸਾਬਕਾ ਸੀ ਈ ਓ ਹਰਿਆਣਾ ਸਿੱਖ ਮੈਨੇਜ਼ਮੈਂਟ ਕਮੇਟੀ, ਬ੍ਰਾਂਚ ਇੰਚਾਰਜ ਤੇਰਾ ਹੀ ਤੇਰਾ ਮੈਡੀਕੋਜ਼ ਨੇ ਦੱਸਿਆ ਕਿ ਡਾ ਹਰਜੀਤ ਸਿੰਘ ਸਭਰਵਾਲ ਜਨਰਲ ਸਕੱਤਰ ਤੇਰਾ ਹੀ ਤੇਰਾ ਮਿਸ਼ਨ ਵਲੋ ਗੁਰਪੁਰਬ ਨੂੰ ਸਮਰਪਿਤ ਅੰਗਹੀਣਾਂ ਲਈ ਹਰ ਸਾਲ ਦੀ ਤਰਾ ਮਿਤੀ 28 ਜੁਲਾਈ 2024 ਨੂੰ ਮੁਫ਼ਤ ਵੀਲ ਚੇਅਰ, ਸਟਿਕਸ, ਕਪੋਂਡ, ਆਰਟੀਫਿਸ਼ਲ, ਟਰਾਈਸਾਈਕਲ ਦੇਣ ਦਾ ਉਪਰਾਲਾ ਗੁਲਾਟੀ ਭਵਨ ਚੰਡੀਗੜ੍ਹ ਵਿਖੇ ਕੀਤਾ ਹੈ ਇਸ ਮੌਕੇ ਡਾ ਹਰਜੀਤ ਸਿੰਘ ਸਭਰਵਾਲ ਜਨਰਲ ਸਕੱਤਰ ਵਲੋ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।




# ਕੌਣ ਕੌਮ ਲਈ ਕੀ ਕਰ ਰਿਹਾ, ਕਿਸ ਨੇ ਕੀ ਕੀਤਾ, ਸਭ ਸੱਚ ਦੁਨੀਆ ਸਾਹਮਣੇ ਆਵੇਗਾ

ਨਕਲੀ ਖਾਤਿਆਂ ਤੋ ਬਕਵਾਸ ਕਰਨ ਦੀ ਬਜਾਏ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿੱਚ ਆਵੋ ਸੱਚ ਝੂਠ ਦਾ ਨਿਤਾਰਾ ਹੋਜੂ

ਕੌਣ ਕੌਮ ਲਈ ਕੀ ਕਰ ਰਿਹਾ ਕਿਸ ਨੇ ਕੀ ਕੀਤਾ ਸੱਭ ਸੱਚ ਦੁਨੀਆ ਸਾਹਮਣੇ ਆਵੇਗਾ

1. ਮੇਰੇ ਕਰਕੇ ਕੌਮ ਦਾ ਕੋਈ ਨੁਕਸਾਨ ਹੋਇਆ ਤਾਂ ਦੱਸਿਓ

ਆਵਾਜ਼ਿ ਕੌਮ AWAZE QAUM International Newspaper & WEB TV

2.ਮੇਰੇ ਕਰਕੇ ਕੋਈ ਕੌਮੀ ਕਾਰਜ ਵਿੱਚ ਵਰਤੇ ਜਾਣ ਵਾਲੇ ਹਥਿਆਰ ਫੜੇ ਗਏ ਤਾਂ ਦੱਸਿਓ

3.ਮੇਰੇ ਕਰਕੇ ਕਿਸੇ ਸਿੰਘ ਨੂੰ ਪੁਲਿਸ ਨੇ ਨਜਾਇਜ਼ ਫੜਿਆ ਤਾਂ ਦੱਸਿਓ

4.ਕਿਸੇ ਕੌਮੀ ਕਾਰਜ ਲਈ ਕਿਸੇ ਜਥੇਬੰਦੀ ਨੇ ਕੋਈ ਡਿਊਟੀ ਲਗਾਈ ਹੋਵੇ ਤੇ ਉਹ ਪੂਰੀ ਨਾ ਹੋਈ ਹੋਵੇ ਤਾਂ ਦੱਸਿਓ

5.ਓਵਰ ਗਰਾਉਂਡ ਜਾ ਅੰਡਰ ਗਰਾਉਂਡ ਸਿੰਘ ਨੇ ਕੋਈ ਕਾਰਜ ਮੈਨੂੰ ਸੌਂਪਿਆ ਹੋਵੇ ਜੇ ਉਹ ਪੂਰਾ ਨਹੀਂ ਹੋਇਆ ਤਾਂ ਦੱਸਿਓ

6.ਮੇਰੇ ਫੜੇ ਜਾਣ ਮਗਰੋਂ ਸਾਨੂੰ ਸਮਾਨ ਦੇਣ ਵਾਲਾ ਕੋਈ ਵਪਾਰੀ ਜਾ ਅਸਲਾ ਵੇਚਣ ਵਾਲਾ ਫੜਿਆ ਹੋਵੇ ਤਾਂ ਦੱਸਿਓ

7.ਸਿੱਖ ਸੰਘਰਸ਼ ਤੇ ਕਿਸੇ ਕਾਰਜ ਲਈ ਕਿਸੇ ਨੇ ਦੇਸ ਵਿਦੇਸ਼ ਤੋ ਕੋਈ ਪੈਸਾ ਭੇਜਿਆ ਹੋਵੇ ਤਾਂ ਉਹ ਸਿੰਘਾਂ ਤੱਕ ਨਾ ਪੁਜਿਆ ਹੋਵੇ ਤਾਂ ਦੱਸਿਓ

8. ਕਿਸੇ ਪੰਥ ਦੋਖੀ ਨੂੰ ਬਣਦੀ ਸਜਾ ਦੇਣ ਦੇਵੇ ਬਜਾਏ ਕੋਈ ਪੈਸੇ ਵਗੈਰਾ ਲੈ ਕੇ ਗੱਲ ਖ਼ਤਮ ਕੀਤੀ ਹੋਵੇ ਤਾਂ ਦੱਸਿਓ

9. ਸਿੱਖ ਸੰਘਰਸ਼ ਦਾ ਕੋਈ ਰਾਜ ਜੋ ਮੈਨੂੰ ਪਤਾਂ ਹੋਵੇ ਜੇ ਸਰਕਾਰ ਜਾ ਪੁਲਿਸ ਤੱਕ ਪੁੱਜਾ ਹੋਵੇ ਤਾਂ ਦੱਸਿਓ

10. ਵੱਡੇ ਸਿੱਖ ਆਗੂਆਂ ਭਾਈ ਦਲਜੀਤ ਸਿੰਘ ਬਿੱਟੂ ਬਾਬਾ ਹਰਨਾਮ ਸਿੰਘ ਦਮਦਮੀ ਟਕਸਾਲ ਭਾਈ ਕੁਲਬੀਰ ਸਿੰਘ ਬੜਾਪਿੰਡ ਭਾਈ ਹਰਪਾਲ ਸਿੰਘ ਚੀਮਾਂ ਭਾਈ ਗੁਰਦੀਪ ਸਿੰਘ ਬਠਿੰਡਾ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਭਾਈ ਜਸਪਾਲ ਸਿੰਘ ਮੰਝਪੁਰ ਸ਼ਹੀਦ ਭਾਈ ਗੁਰਬਖਸ ਸਿੰਘ ,ਬਾਪੂ ਸੂਰਤ ਸਿੰਘ ,ਭਾਈ ਸਰਬਜੀਤ ਸਿੰਘ ਘੁਮਾਣ, ਭਾਈ ਅਮਰਦੀਪ ਸਿੰਘ ਅਮਰ ,ਭਾਈ ਸੁਖਦੀਪ ਸਿੰਘ ਬਰਨਾਲਾ ਬਾਬਾ ਬੂਟਾ ਸਿੰਘ ਗੁਰਥੜੀ ਵਾਲੇ ਬਾਬਾ ਸੁਖਚੈਨ ਸਿੰਘ ਧਰਮਪੁਰਾ ,ਬਾਬਾ ਬਖਸੀਸ ਸਿੰਘ ਜੀ, ਭਾਈ ਜੱਸਾ ਸਿੰਘ ਮਾਣਕੀ ,ਭਾਈ ਮੋਹਕਮ ਸਿੰਘ ਆਦਿਕ ਸਿੱਖ ਆਗੂਆਂ ਨਾਲ ਸਿੱਖ ਸੰਘਰਸਾ ਵਿੱਚ ਤਿਲ ਫੁੱਲ ਸੇਵਾ ਕੀਤੀ ਹੈ ਜੇ ਸੇਵਾ ਕਰਦਿਆਂ ਕੌਮ ਦਾ ਕੋਈ ਨੁਕਸਾਨ ਕੀਤਾ ਜਾ ਗਲਤੀਆਂ ਕੀਤੀਆਂ ਤਾਂ ਖੁਲ ਕੇ ਸੰਗਤ ਨੂੰ ਦੱਸਿਓ।

ਸੰਗਤ ਸਾਹਮਣੇ ਇਹਨਾਂ ਸਵਾਲਾਂ ਤੇ ਜਵਾਬ ਦੇਣੇ ਵੇਲੇ ਮੇਰੇ ਨਾਲ ਕੋਈ ਲਿਹਾਜ਼ ਨਾ ਰੱਖਿਓ ,ਪਰ ਸੱਚ ਬੋਲਣ ਤੋ ਪਾਸਾ ਵੀ ਨਾ ਵੱਟਿਓ

ਨੋਟ -ਇਹ ਸਵਾਲ ਕੌਮੀ ਹਨ ਨਿਜੀ ਤੌਰ ਤੇ ਹਰ ਇਨਸਾਨ ਵਿੱਚ ਹਜ਼ਾਰਾਂ ਘਾਟਾ ਹੁੰਦੀਆਂ ਹਨ

**-ਸੁਰਿੰਦਰ ਸਿੰਘ ਠੀਕਰੀਵਾਲ**

+12093025558

